# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## JUNE 1985 ਜੂਨ ੧੯੮੫

## ਸ਼ਹੀਦੀ ਪਿੜ ਦੇ ਲਾੜਿਆਂ ਦੀ ਜੰਞ

ਅਣਖ ਦੀ ਵੰਗਾਰ ਵਿਚ ਸਿਖ ਸਦਾ ਪੂਰੇ ਉਤਰਦੇ ਹਨ ।



ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ ॥

www.AKJ.org

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰ: 1/70-68-21 ਮਿਤੀ 17-10-64 ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ

# ਤ ਤ ਕ ਰਾ


| | | |
|---|---|---|
| ਸੱਚੀ ਸਾਂਝੀਵਾਲਤਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | ੪ | ,, ,, ,, |
| 'ਸਾਚੀ ਪ੍ਰੀਤਿ' ਬਿਨਾਂ ਮਨੁੱਖਤਾ ਨਾਲ ਪਿਆਰ ਕਿਥੇ ? | ੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਾਡੇ ਬੱਚੇ | ੧੫ | ਸ: ਪਰਮਿੰਦਰ ਸਿੰਘ ਜੀ ਖਾਲਸਾ |
| ਲੜਕੀਆਂ ਵਿਚ ਧਾਰਮਿਕ ਵਿਦਿਆ ਦੀ ਘਾਟ ਤੇ ਨਾਸਤਕਤਾ | ੧੭ | ਗਿ: ਗੋਪਾਲ ਸਿੰਘ ਜੀ ਮਿਤਰ |
| ਸਗਲ ਸੰਗਿ ਹਮ ਕਉ ਬਨਿ ਆਈ | ੧੮ | ਸ: ਸੰਤਾ ਸਿੰਘ ਜੀ ਆਜਿਜ਼ |
| ਦੁੱਧ ਅੰਮ੍ਰਿਤ ਹੈ ਕਿ ਚਰਬੀ ? | ੨੧ | 'ਸੂਰਾ' ਪਰਵਾਰ |
| ਦੋ ਕਵਿਤਾਵਾਂ : ਜ਼ਰਾ ਦਸ ਖਾਂ, ਪੰਥ ਵਿਰੋਧੀਆਂ ਨੂੰ | ੨੩ | ਗਿ: ਗੋਪਾਲ ਸਿੰਘ ਜੀ ਮਿਤਰ |
| 'ਸਿਰਪਾਉ' ਦੀ ਮਹਾਨਤਾ | ੨੪ | ਗੜਤੱੜ ਸਿੰਘ |
| ਫੌਜੀਆਂ ਤੇ ਰੰਗਰੂਟਾਂ ਦੀ ਛਾਂਟੀ | ੨੫ | ਰੋਜ਼ਾਨਾ 'ਅਜੀਤ' |
| ਅੱਡਾ ਕੰਡਕਟਰ ਅਤਵਾਦੀ ਕਿਵੇਂ ਬਣਿਆ ? | ੨੬ | ,, ,, |
| ਕੀ ਇਹ ਅੱਤਵਾਦੀ ਹਨ ? | ੨੮ | ਅਜੀਤ, ਸੰਪਾਦਕੀ |
| ਹਰਿਆਣਾ ਚਿ ਸਿਖਾਂ ਤੇ ਨਾਦਰਸ਼ਾਹੀ ਤਸ਼ੱਦਦ | ੨੯ | ਸ: ਕਰਤਾਰ ਸਿੰਘ ਟੱਕਰ |
| ਸ੍ਰੀ ਅਕਾਲ ਤਖ਼ਤ ਚਿ ਥਾਂ ਥਾਂ ਤਰੇੜਾਂ | ੩੦ | ਰੋਜ਼ਾਨਾ 'ਅਜੀਤ' |
| ਜੀਵਨ ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੧੩) | ੩੧ | ... ... ... ... |
| 'ਸਿਰ ਲੱਥ ਸਕਦੈ, ਦਸਤਾਰ ਨਹੀ' | ੩੪ | ਇਕ ਦਸ-ਸਾਲਾ ਬੱਚਾ |
| ਦੋ ਕਵਿਤਾਵਾਂ : ਸਾਡਾ ਨਿਸ਼ਾਨਾ, ਐ ਕੌਮ ਦੇ ਗ਼ਦਾਰੋ | ੩੫ | ਸ: ਸੰਤਾ ਸਿੰਘ ਜੀ ਆਜਿਜ਼ |
| ਜਲ ਵਿਚ ਅੰਮ੍ਰਿਤ-ਬਾਣੀ ਦੀ ਪਾਰਸ-ਕਲਾ | ੩੭ | 'ਸੂਰਾ' ਪਰਵਾਰ |


ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ਧਾਰਿਆ ੪ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਕਰਤਾਰ ਸਿੰਘ ਨਵੀਂ ਦਿੱਲੀ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੫-੦੦ |
| ਸ: ਬੇਅੰਤ ਸਿੰਘ ਨਾਭਾ | ,, ,, ,, | ੨੬-੦੦ |
| ਭਾ: ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ,, ,, ,, | ੨੯-੨੭ |
| ਸ: ਭਜਨ ਸਿੰਘ ਮਾਨਚੈਸਟਰ ਯੂ. ਕੇ. | ,, ,, ,, | ੨੮੪-੫੦ |
| ਭਾ: ਗੁਰਬਚਨ ਸਿੰਘ ਪੂਰੇਵਾਲ ਲੀਮਿੰਗਟਨ ਯੂ. ਕੇ. | ,, ,, ,, | ੭੫ ੦੦ |
| ਸ: ਗੁਰਨਾਮ ਸਿੰਘ ਰੈਡਿੰਗ ਯੂ. ਕੇ. | ,, ,, ,, | ੧੫੭-੦੦ |
| ਸ: ਜਗਮੋਹਨ ਸਿੰਘ ਜਲੰਧਰ | ਸ: ਹਰਬੰਸ ਸਿੰਘ ਲਾਇਲਪੁਰੀ (ਭਰਾਤਾ) ਦੀ ਅੰਤਮ ਅਰਦਾਸ ਸਮੇ | ੧੦੧-੦੦ |
| ਸ: ਇੰਦਰਪਾਲ ਸਿੰਘ, ਰਾਹੀਂ ਪ੍ਰੀਤਮ ਸਿੰਘ ਅਨਜਾਣ, ਅੰਮ੍ਰਿਤਸਰ | ,, ,, ,, | ੩੦-੦੦ |
| ਭਾ: ਹਰਬਖਸ਼ ਸਿੰਘ ਸਰਾਏ ਚੈਟਹਮ ਯੂ. ਕੇ. | ,, ,, ,, | ੪੨-੩੬ |
| W.O. ਅਵਤਾਰ ਸਿੰਘ ਗੜ੍ਹਦੀਵਾਲਾ | J.W.O. ਮਤਵਾਲਾ ਦੀ ਬੱਚੀ ਦੇ ਅਨੰਦ ਸਮੇ | ੨੧-੦੦ |
| ਪਰਵਾਰ ਭਾ: ਮੇਲਾ ਸਿੰਘ ਗੁਰਪੁਰਵਾਸੀ | ,, ,, ,, | ੫੧-੦੦ |

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੮੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਜੂਨ ੧੯੮੫ ਅੰਕ ੬


## ਸੱਚੀ ਸਾਂਝੀਵਾਲਤਾ

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ ? ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ । ਜ਼ੋਰ ਜ਼ੁਲਮ ਨਾਲ ਕਮਿਊਨਿਸਟ ਨਜ਼ਾਮ ਖੜਾ ਕਰਨਾ ਉਨ੍ਹਾਂ ਦਾ ਮੁਖ ਅਕੀਦਾ ਹੁੰਦਾ ਹੈ। ਜਿਥੇ ਜ਼ੋਰ ਜ਼ੁਲਮ ਹੋਵੇ ਓਥੇ ਸੱਚਾਈ ਕਾਹਦੀ, ਧਰਮ ਕਾਹਦਾ ? ਓਥੇ ਤਾਂ ਸਹਿਮ ਵਿਚ ਗੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿਤਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਇਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼੍ਰੇਣੀ ਵਿਚੋਂ ਸਜੀਆਂ ਖਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗ਼ਲ ਸਲਤਨਤ ਦਾ ਤਖ਼ਤਾ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ, ਬਿਨਾਂ ਰਾਜਸੀ ਗ਼ਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸਥਾਈ ਸਾਂਝੀਵਾਲਤਾ ਹੋਈ, ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਲੇਖ' ਵਿਚੋਂ




www.AKJ.Org

# ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

[ਵਲੋਂ—ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਦਸਮੇਸ਼ ਜੀ ਦੇ ਇਸ ਉਪਰ ਅਨਵਾਨੇ ਮੁਖਵਾਕ ਦੀ ਟੇਕ ਲੈ ਕੇ ਅਸਾਡੇ ਅੱਜ ਕਲ੍ਹ ਦੇ ਲਾ-ਮਜ਼ਹਬ ਭਰਾ, ਮਜ਼ਹਬ ਤੋਂ ਮੁਨਕਰ ਯਾ ਮਜ਼ਹਬ ਤੋਂ ਲਾ-ਪ੍ਰਵਾਹ ਪਰ ਸਿਖ ਸ਼ਕਲ ਸੂਰਤਿ ਵਾਲੇ ਸਜਨ ਅਕਸਰ ਇਹ ਆਖਿਆ ਕਰਦੇ ਹਨ ਕਿ—"ਮਜ਼ਹਬ ਦੀ ਕੈਦ ਵਿਚ ਰਹਿਣ ਦੀ ਕੋਈ ਲੋੜ ਨਹੀਂ। ਸਾਰੇ ਮਜ਼ਹਬ ਇਕ-ਸਾਰ ਹੀ ਹਨ। ਦੇਖੋ ਸ੍ਰੀ ਦਸਮੇਸ਼ ਜੀ ਮਜ਼ਹਬ ਦੇ ਜਨੂਨੀਆਂ ਲਈ ਕਿਆ ਸੋਹਣੀ ਸਿਖਸ਼ਾ ਦਿੰਦੇ ਹਨ—

ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ...॥੧੫॥੮੫॥" ਅਕਾਲ ਉਸਤਤਿ, ਪਾ: ੧੦

ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਦੇ ਦੇ ਕੇ ਓਹ ਇਹ ਸਿੱਧ ਕਰਦੇ ਹਨ ਕਿ ਸਿਖ ਮਜ਼ਹਬ ਦੀ ਮਿੱਲਤ-ਪ੍ਰਸਤੀ ਭੀ ਇਕ ਕੈਦ ਹੈ। ਸ੍ਰੀ ਦਸਮੇਸ਼ ਜੀ ਨੇ ਮਜ਼ਹਬ ਰੂਪੀ ਫ਼ਿਰਕਾ-ਪ੍ਰਸਤੀ ਦੀ ਕੈਦ ਤੋਂ ਸਿੱਖਾਂ ਨੂੰ ਨਜਾਤ ਦੇ ਕੇ ਸੰਮਿੱਲਤ ਕੌਮ-ਪ੍ਰਸਤੀ ਦੀ ਵਸੀਅ ਆਜ਼ਾਦ-ਖ਼ਿਆਲੀ ਦਾ ਉਪਦੇਸ਼ ਦਿਤਾ ਸੀ। ਮਜ਼ਹਬ ਦੇ ਦਾਇਰੇ ਵਿਚ ਹੀ ਮਹਿਦੂਦ ਨਹੀਂ ਰਖਿਆ।

ਅਸੀਂ ਏਥੋਂ ਤਾਈਂ ਤਾਂ ਓਹਨਾਂ ਦੇ ਨਾਲ ਮੁਤਫ਼ਿਕ ਹਾਂ ਕਿ ਸ੍ਰੀ ਦਸਮੇਸ਼ ਜੀ ਨੇ ਮਾਨਸ ਮਾਤਰ ਦੀ ਆਜ਼ਾਦੀ ਦਾ ਦਾਇਰਾ ਤੰਗ ਨਹੀਂ ਰਖਿਆ। ਬਲਕਿ ਓਹਨਾਂ ਦੀ ਖ਼ਿਆਲੀ ਆਜ਼ਾਦੀ ਵਾਲੇ ਅਨਮਾਨ ਤੋਂ ਬੜ੍ਹ ਚੜ੍ਹ ਕੇ ਸ੍ਰੀ ਦਸਮੇਸ਼ ਜੀ ਨੇ ਕੁਲ ਕਾਇਨਾਤ, ਖ਼ਾਲਕ ਦੀ ਸਾਰੀ ਮਖ਼ਲੂਕਾਤ ਦੀ ਆਜ਼ਾਦੀ ਦੇ ਆਦਰਸ਼ ਨੂੰ ਸਨਮੁਖ ਰਖਿਆ। ਨਾ ਸਿਰਫ਼ ਹਿੰਦੁਸਤਾਨ ਭਰ ਦੀ 'ਮਾਨਸ ਕੀ ਜਾਤ' ਨੂੰ 'ਸਬੈ ਏਕੈ ਪਹਿਚਾਨਬੋ' ਦੇ ਮਹਿਦੂਦ ਖ਼ਿਆਲੀ ਉਪਦੇਸ਼ ਵਾਲੀ ਆਜ਼ਾਦੀ ਦਿਤੀ, ਬਲਕਿ ਦੇਸ ਮੁਲਕ ਦੀ ਹਦ ਕੈਦ ਤੋਂ ਅਪਰੰਪਰ ਕੁਲ ਖ਼ਲਕ ਖ਼ੁਦਾਈ ਦੀ ਮਾਨਸ ਮਾਤਰੀ ਜਨਮ ਜਾਤੀ ਦੀ ਆਜ਼ਾਦੀ ਦੇ ਆਦਰਸ਼ ਨੂੰ ਦ੍ਰਿੜ੍ਹਾਇਆ।

ਪਰ ਅਸੀਂ ਓਹਨਾਂ ਨਾਲਿ ਇਸ ਗੱਲ ਵਿਚ ਉੱਕਾ ਹੀ ਇਤਫ਼ਾਕ ਨਹੀਂ ਰਖਦੇ ਕਿ ਸ੍ਰੀ ਦਸਮੇਸ਼ ਜੀ ਨੇ ਮਜ਼ਹਬ ਨੂੰ ਆਜ਼ਾਦੀ ਦਾ ਬਾਧਕ, ਅਰਥਾਤ ਆਜ਼ਾਦੀ ਲਈ ਬੰਧਨ ਰੂਪ ਦਸਿਆ ਹੈ। ਸ੍ਰੀ ਦਸਮੇਸ਼ ਜੀ ਦੇ ਉਦੇਸ਼ ਆਦਰਸ਼ ਅਨੁਸਾਰ ਹੀ ਮਨੁੱਖ ਮਾਤਰ ਨੂੰ ਸੱਚੀ ਆਜ਼ਾਦੀ ਮਜ਼ਹਬ ਦੁਆਰਾ ਹੀ ਮਿਲ ਸਕਦੀ ਹੈ, ਪਰ ਸੱਚੇ ਮਜ਼ਹਬ ਦੁਆਰਾ, ਖ਼ਾਲਸ ਮਜ਼ਹਬ ਦੁਆਰਾ। ਇਸੇ ਉਦੇਸ਼ ਹਿਤ, ਖ਼ਾਲਸ ਧਰਮ ਰੂਪੀ ਸੱਚਾ ਮਜ਼ਹਬ ਚਲਾਵਨ ਹਿਤ ਸ੍ਰੀ ਦਸਮੇਸ਼ ਜੀ ਨੇ ਅਵਤਾਰ ਧਾਰਿਆ। ਇਸੀ ਹੇਤ ਸ੍ਰੀ ਅਕਾਲ ਪੁਰਖ ਜੀ ਨੇ ਇਹ ਹੁਕਮ ਦੇ ਕੇ ਸ੍ਰੀ ਦਸਮੇਸ਼ ਜੀ ਨੂੰ ਇਸ ਜਗ ਮਾਹਿ ਪਠਾਇਆ—

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਉ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕੁਬੁਧਿ ਕਰਨ ਤੇ ਲੋਕ ਹਟਾਇ ॥੨੯॥

ਬਚਿਤ੍ਰ ਨਾਟਕ, ਅਧਿਆਇ ੬

ਅਕਾਲ ਪੁਰਖ ਦੇ ਇਸ ਫ਼ੁਰਮਾਨ ਦੇ ਉਤਰ ਵਿਚ ਸ੍ਰੀ ਦਸਮੇਸ਼ ਜੀ ਨੇ ਇਹ ਬਚਨ ਉਚਾਰਿਆ :—

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ॥
ਪੰਥ ਚਲੇ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥

ਚੌਪਈ— ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥ ਅਉਰ ਕਿਸੂ ਤੇ ਬੈਰ ਨ ਗਹਿਹੋਂ ॥੩੧॥

ਇਹਨਾਂ ਸ੍ਰੀ ਮੁਖ-ਵਾਕਾਂ ਤੋਂ ਸਾਫ਼ ਸਿਧ ਹੁੰਦਾ ਹੈ ਕਿ ਸ੍ਰੀ ਦਸਮੇਸ਼ ਜੀ ਨੇ ਐਨ ਅਕਾਲ ਪੁਰਖ ਦੀ ਹੁਕਮ-ਰਜ਼ਾ ਅਨੁਸਾਰ ਜਹਾਂ ਤਹਾਂ ਇਸ ਸਸਾਰ ਵਿਚ ਧਰਮ ਚਲਾਵਨ ਹਿਤ ਅਤੇ ਲੋਕਾਂ ਨੂੰ ਕੁਬੁਧ ਕਮਾਵਨ ਤੋਂ ਹਟਾਵਨ



www.AKJ.Org

ਹਿਤ ਹੀ ਖਾਲਸਾ ਪੰਥ ਸਾਜਿਆ ਅਤੇ ਸਾਜ ਕੇ ਇਸੇ ਨਿਰੋਲ ਧਰਮ-ਧੁਜੀ ਸੱਚੇ ਪੰਥ ਦਾ ਪ੍ਰਚਾਰ ਕੀਤਾ। ਅਕਾਲ ਪੁਰਖ ਦੀ ਹੁਕਮ-ਰਜ਼ਾ ਅਨੁਸਾਰ ਹੀ ਇਹ ਪੰਥ ਪ੍ਰਚੁਰ ਹੈ, ਤਾਂ ਹੀ ਤੇ ਇਹ ਖਾਲਸਾ ਨਿਰੋਲ ਅਕਾਲੀ ਪੰਥ ਹੈ। ਇਹ ਅਕਾਲੀ ਪੰਥ ਕੇਵਲ ਧਰਮ ਚਲਾਵਨ ਹਿਤ ਅਤੇ ਲੋਕਾਂ ਨੂੰ ਕੁਬੁਧ ਕਮਾਵਨ ਤੋਂ ਹਟਾਵਨ ਹਿਤ ਹੀ ਸ੍ਰੀ ਦਸਮੇਸ਼ ਜੀ ਨੇ ਪ੍ਰਚਲਤ ਕੀਤਾ ਅਤੇ ਇਹ ਖਾਲਸਾ ਪੰਥ ਨਿਰੋਲ ਸੱਚਾ ਧਰਮ ਪ੍ਰਤਿਪਾਦਿਕ ਅਤੇ ਅਧਰਮ ਕੁਬੁਧ ਕਮਾਵਨਹਾਰੇ ਲੋਕਾਂ ਨੂੰ ਸੋਧਨ ਸੁਧਾਰਨ ਹਿਤ ਹੀ ਪ੍ਰਚਲਤ ਕੀਤਾ ਹੈ। ਲੋਕਾਂ ਨੂੰ ਸੱਚਾ ਧਰਮ ਪ੍ਰਦਾਨ ਕਰ ਕੇ ਪ੍ਰਾਣੀਆਂ ਨੂੰ ਸੱਚੇ ਆਤਮ-ਜੀਵਨ ਵਾਲੇ ਨਵ-ਜੀਵਨੀ-ਜਨਮ ਵਿਚ ਜੀਆਇ ਕੇ ਸੁਰਜੀਤ ਕਰਨਾ ਇਹ ਸੱਚੇ ਸੁਧਾਰ ਦਾ ਸ੍ਰੀ ਦਸਮੇਸ਼-ਆਦਰਸ਼ ਹੈ। ਇਸੇ ਆਦਰਸ਼ਕ ਸੁਧਾਰ ਵਿਚ ਸੱਚੀ ਜ਼ਿੰਦਗੀ ਹੈ। ਇਸੇ ਜ਼ਿੰਦਗੀ ਵਿਚ ਹੀ ਸੱਚੀ ਆਜ਼ਾਦੀ ਹੈ।

ਅਜਿਹੇ ਸ੍ਰੀ ਦਸਮੇਸ਼-ਆਦਰਸ਼ ਦੁਆਰਾ ਉਧਰੇ ਸੁਧਰੇ ਹੋਏ ਆਤਮ-ਸੁਤੰਤ੍ਰੀ-ਜੀਵਨਾਂ ਵਾਲੇ ਧਰਮੀ ਬੰਦੇ ਹੀ ਦੇਸ਼ ਅਤੇ ਕੌਮ, ਸਗੋਂ ਸੰਸਾਰ ਦੇ ਪ੍ਰਾਣੀ ਮਾਤ੍ਰ ਨੂੰ ਆਜ਼ਾਦ ਕਰਾ ਸਕਦੇ ਹਨ। ਸ੍ਰੀ ਦਸਮੇਸ਼ ਜੀ ਨੇ ਅਜਿਹੇ ਧਰਮੀ ਬੰਦਿਆਂ ਦੇ ਪੁੰਜ ਦਾ ਨਾਮ ਹੀ ਖ਼ਾਲਸਾ ਪੰਥ ਰਖਿਆ ਹੈ।

ਤਾਂ ਤੇ ਇਹ ਕਹਿਣਾ ਅਤੇ ਖ਼ਿਆਲ ਕਰਨਾ ਭੁੱਲ ਹੈ ਕਿ ਸ੍ਰੀ ਦਸਮੇਸ਼ ਜੀ ਨੇ ਧਰਮ ਚਲਾ ਕੇ ਅਤੇ ਗੁਰਸਿਖਾਂ ਨੂੰ ਖ਼ਾਲਸ ਧਰਮੀ ਬੰਦੇ ਬਣਾ ਕੇ ਮਜ਼ਹਬ ਰੂਪੀ ਬੰਧਨਾਂ ਵਿਚ ਪਾਇਆ, ਸਗੋਂ ਗੁਰੂ ਸਾਹਿਬ ਨੇ ਖ਼ਾਲਸਾ ਧਰਮ ਰੂਪੀ ਸੱਚਾ ਪੰਥ ਪ੍ਰਚਲਤ ਕਰ ਕੇ ਪ੍ਰਾਣੀ ਮਾਤ੍ਰ ਨੂੰ ਆਜ਼ਾਦ ਕਰਨ ਦਾ ਸੱਚਾ ਧੁਰਵਾ ਬੰਨ੍ਹਿਆ ਹੈ। ਜੀਅ-ਦਾਨ-ਦਾਤਾਰ ਦੀ ਸੱਚੀ ਆਤਮ-ਆਜ਼ਾਦੀ ਦਾ ਪਾਤਰ ਅਤੇ ਅਧਿਕਾਰੀ, ਕਰਤੇ ਪੁਰਖ ਦੀ ਰਚੀ ਸ੍ਰਿਸ਼ਟੀ ਦੇ ਮਨੁਖ ਮਾਤਰ ਨੂੰ ਬਣਾਇਆ ਹੈ। ਕਿਸੇ ਨੂੰ ਇਸ ਆਜ਼ਾਦੀ ਦਾ ਅਨ-ਅਧਿਕਾਰੀ ਅਤੇ ਕੁਪਾਤਰ ਨਹੀਂ ਜਾਣਿਆ ਜਣਾਇਆ। ਇਸ ਆਤਮ-ਜੀਵਨੀ-ਆਜ਼ਾਦੀ ਦੇ ਅਧਿਕਾਰ ਦਾ ਸਾਂਝੀਵਾਲ ਜੀਵ ਮਾਤ੍ਰ ਨੂੰ ਬਣਾਇਆ—

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ ਪੰਨਾ ੯੭

ਅਤੇ ਏਸੇ ਸਾਂਝੀਵਾਲਤਾ ਦਾ ਅਧਿਕਾਰ ਜਣਾਉਣ ਹਿਤ ਹੀ ਸ੍ਰੀ ਦਸਮੇਸ਼ ਜੀ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਵਾਲਾ ਵਾਕ ਸ੍ਰੀ ਮੁਖੋਂ ਉਚਾਰਨ ਕੀਤਾ, ਭਾਵ ਖਾਲਸਾ ਧਰਮ ਧਾਰਨ ਲਈ ਕੁਲ ਨਸਲੇ-ਇਨਸਾਨ ਦਾ ਅਧਿਕਾਰ ਸਮਸਰ ਹੀ ਹੈ। ਖਾਲਸਾ ਸਜਣ ਦਾ, ਖਾਲਸਾ ਧਰਮ ਵਿਚ ਆਉਣ ਦਾ ਹੱਕ ਹਰ ਇਕ ਇਨਸਾਨ ਮਾਤਰ ਦਾ ਸਾਂਝਾ ਹੈ। ਖਾਲਸਾ ਧਰਮ ਅੰਦਰ ਜ਼ਾਤ ਪਾਤ ਦੀ ਕੋਈ ਕਾਣ ਕਣੌਡ ਨਹੀਂ। ਮਨੁਖੀ ਜਾਮੇ ਵਿਚ ਜਨਮੇ ਪ੍ਰਾਣੀ ਸਾਰੇ ਇਕ-ਸਾਰ ਹੀ ਖਾਲਸਾ ਧਰਮ ਦੇ ਅਧਿਕਾਰੀ ਹਨ।

ਇਸ ਦਾ ਇਹ ਭਾਵ ਨਹੀਂ ਕਿ ਮਨੁਖੀ ਜਾਮੇ ਵਿਚ ਜੰਮੇ, ਜਣੇ ਜਣਾਤੇ ਸਾਰੇ ਪ੍ਰਾਣੀ ਬਣੇ ਬਣਾਤੇ ਆਪੋਂ ਹੀ ਪੁਜੇ ਪੁਜਾਤੇ ਖਾਲਸਾ ਧਰਮੀ ਬੰਦੇ ਹਨ, ਉਹਨਾਂ ਨੂੰ ਖਾਲਸਾ ਧਰਮ ਧਾਰਨ ਕਰਨ ਦੀ ਲੋੜ ਨਹੀਂ। ਐਸਾ ਹੁੰਦਾ ਤਾਂ ਸ੍ਰੀ ਦਸਮੇਸ਼ ਜੀ ਨੂੰ ਅਵਤਾਰ ਧਾਰਨ ਦੀ ਕੀ ਲੋੜ ਸੀ, ਮਾਨਸ ਜਾਤੀ ਤਾਂ ਆਪੋਂ ਹੀ ਉਧਰੀ ਉਧਰਾਈ ਹੋਈ ਸੀ। ਸੰਸਾਰ ਅੰਦਰ ਧਰਮ ਉੱਕਾ ਹੀ ਅਲੋਪ ਸੀ। ਸ੍ਰੀ ਨਾਨਕ-ਦਸਮੇਸ਼ ਜੀ ਦਾ ਆਗਮਨ ਹੀ ਧਰਮ ਹੇਤ ਹੋਇਆ। ਯਥਾ ਸ੍ਰੀ ਮੁਖਵਾਕ ਹੈ—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ...॥੪੩॥

ਸ੍ਰੀ ਨਾਨਕ-ਦਸਮੇਸ਼ ਜੀ ਤੋਂ ਪਹਿਲਾਂ ਧਰਮ ਮਾਰਗ ਤੇ ਚਲਾਵਲਣਹਾਰ ਕੋਈ ਔਲੀਆ ਅਵਤਾਰ ਨਹੀਂ ਹੋਇਆ। ਜੋ ਹੋਇਆ, ਸੋ ਸਭ ਕੋਈ ਸੱਚ ਧਰਮ ਵਿਥਾਰਨੋਂ ਫ਼ੇਅਲ ਹੋ ਗਿਆ। ਜੈਸਾ ਕਿ ਦਸਮੇਸ਼ ਸ੍ਰੀ ਮੁਖਵਾਕ ਹੈ :—

ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ ॥ ਧਰਮ ਕਰਮ ਕੋ ਰਾਹੁ ਨ ਡਾਰਾ ॥੪੪॥


www.AKJ.Org

ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾਪੁਰਖ ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫॥
ਬਚਿਤ੍ਰ ਨਾਟਕ, ਅਧਿਆਇ ੬

ਏਹਨਾਂ ਸ੍ਰੀ ਮੁਖਵਾਕਾਂ ਤੋਂ ਸਿੱਧ ਹੋਇਆ ਕਿ ਸੱਚੇ ਧਰਮ ਕਰਮ ਦੀ ਪਛਾਣ ਹੀ ਕਿਸੇ ਨੂੰ ਨਹੀਂ ਸੀ। ਤਾਂ ਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲੀ ਸ੍ਰੀ ਮੁਖ-ਪੰਗਤੀ ਤੋਂ ਇਹ ਭਾਵ ਕਢ ਲੈਣਾ ਕਿ ਸਾਰੇ ਮਾਨਸ, ਜਨਮ ਤੋਂ ਹੀ ਬਣੇ ਤਣੇ ਧਰਮੀ ਬੰਦੇ ਹਨ, ਮਹਾਂ ਅਗਿਆਨਤਾ ਹੈ। ਬਲਕਿ ਇਸ ਪੰਗਤੀ ਦਾ ਤਾਤਪਰਜ ਇਹ ਹੈ ਕਿ ਖਾਲਸਾ ਧਰਮ ਦੇ ਤਤ-ਪਰਚਾਰ ਦਾ ਮੈਦਾਨ ਇਤਨਾ ਵਸੀਅ ਹੈ ਕਿ ਇਸ ਧਰਮ ਧਾਰਨ ਦਾ ਸਾਂਝੀਵਾਲ ਹਰ ਫ਼ਰਦੇ-ਬਸ਼ਰ (ਮਨੁਖ ਮਾਤਰ) ਹੋ ਸਕਦਾ ਹੈ । ਚਾਹੇ ਕਿਸੇ ਦੇਸ ਕੌਮ ਕਬੀਲੇ, ਕਿਸੇ ਨਸਲ ਕੁ-ਨਸਲ ਵਿਚੋਂ ਹੋਵੇ। ਚਾਹੇ ਕਿਸੇ ਭੇਖ ਮਜ਼ਹਬ ਦਾ ਹੋਵੇ, ਸਭ ਕਿਸੇ ਨੂੰ ਗੁਰਮਤਿ ਖਾਲਸ ਧਰਮ ਵਿਚ ਆਵਣ ਦਾ ਅਧਿਕਾਰ ਹੈ। ਅਤੇ ਸਭਸ ਦਾ ਛੁਟਕਾਰਾ ਨਿਸਤਾਰਾ ਭੀ ਏਸੇ ਖਾਲਸਾ ਗੁਰਮਤਿ ਧਰਮ ਦੇ ਧਾਰਨ ਕੀਤਿਆਂ ਹੀ ਹੋਵਣਾ ਹੈ। ਭਾਵੇਂ ਕੋਈ ਮੁੰਡੀਆ ਸੰਨਿਆਸੀ ਬਣਿਆ ਫਿਰੇ, ਭਾਵੇਂ ਕੋਈ ਜੋਗੀ ਜਟਾਧਾਰੀ, ਜਤੀ ਬ੍ਰਹਮਚਾਰੀ ਆਪਣੇ ਆਪ ਨੂੰ ਅਨੁਮਾਨ ਕਰੀ ਫਿਰੇ। ਚਾਹੇ ਕੋਈ ਹਿੰਦੂ ਹੋਵੇ, ਚਾਹੇ ਤੁਰਕ ਹੋਵੇ, ਚਾਹੇ ਰਾਫ਼ਜ਼ੀ ਇਮਾਮ ਸ਼ਾਫੀ ਆਪਣੇ ਆਪ ਨੂੰ ਕਹਾਉਂਦਾ ਫਿਰੇ। ਇਸ ਬਿਧਿ ਮਾਨੁਖੀ ਅੰਸ ਨਸਲ ਵਿਚ ਕੋਈ ਵਿਤ੍ਰੇਕ ਨਹੀਂ ਪੈਂਦਾ। ਮਾਨੁਖ ਦਾ ਅਸਲਾ ਤਾਂ ਇਕੋ ਹੀ ਹੈ। ਕਾਦਰੇ ਕੁਦਰਤ ਤੋਂ ਉਪੰਨੇ ਸਭ ਬੰਦੇ ਇੱਕੋ ਜਿਹੇ ਹਨ। ਜਾਤ ਜਨਮ ਕਰਕੇ ਕਉਣ ਭਲੇ ਅਤੇ ਕਉਣ ਮੰਦੇ ਹਨ। ਸਭ ਇਕ ਸਮਾਨ ਹੀ ਹਨ । ਇਹਨਾਂ ਕੁਦਰਤ ਦੇ ਬੰਦਿਆਂ ਦਾ ਕਰਤਾ ਕਰੀਮ ਇਕੋ ਸੋਈ ਅਕਾਲ ਪੁਰਖ ਹੈ। ਏਹਨਾਂ ਦਾ ਰਾਜ਼ਕ ਰਹੀਮ ਭੀ ਇਕੋ ਅਤੇ ਓਹੀ ਅਕਾਲ ਪੁਰਖ ਹੈ। ਸੋ ਸਭਨਾਂ ਦਾ ਰਾਜ਼ਕ ਖ਼ਾਲਕ ਪਾਲਕ ਇਕੋ ਸਾਂਝਾ ਅਕਾਲ ਪੁਰਖ ਹੈ, ਹੋਰ ਦੂਜਾ ਕੋਈ ਨਹੀਂ। ਇਸ ਦੁਜਾਇਗੀ ਦਾ ਭੇਦ-ਭਰਮ ਭੁਲ ਕੇ ਭੀ ਨਹੀਂ ਮੰਨਣਾ ਚਾਹੀਦਾ, ਭਾਵ ਮੂਲੋਂ ਹੀ ਮਿਟਾ ਦੇਣਾ ਚਾਹੀਦਾ ਹੈ। ਸਭਨਾਂ ਨੂੰ ਇਕੋ ਅਕਾਲ ਪੁਰਖ ਦੀ ਸੇਵਾ-ਭਗਤੀ ਦਾ ਅਧਿਕਾਰ ਹੈ। ਸਭਨਾਂ ਦਾ ਗੁਰਦੇਵ ਭੀ ਇਕੋ ਗੁਰੂ ਅਕਾਲ ਪੁਰਖ ਹੈ। ਸਭੇ ਇਕੋ ਅਕਾਲ ਪੁਰਖ ਦੇ ਸਰੂਪ ਤੋਂ ਉਪਜੇ ਹਨ ਅਤੇ ਇਕੋ ਅਕਾਲ ਪੁਰਖ ਦੀ ਜੋਤਿ ਦਾ ਹੀ ਅੰਸ ਹਨ। ਇਹ ਸਾਰਾ ਭਾਵ ਹੇਠਲੇ ਸਮੁਚੇ ਸ੍ਰੀ ਮੁਖਵਾਕ ਕਬਿੱਤ ਦਾ ਹੈ। ਯਥਾ ਗੁਰਵਾਕ—

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ, ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਬ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੮੫॥ [ਅਕਾਲ ਉਸਤਤਿ

ਤਾਂ ਤੇ ਇਸ ਸ੍ਰੀ ਮੁਖਵਾਕ ਅੰਦਰਿ ਮਨੁੱਖ ਮਾਤਰ ਨੂੰ ਇਕੋ ਅਕਾਲ ਪੁਰਖ ਦੀ ਉਪਾਸ਼ਨਾ ਤੇ ਇਬਾਦਤ ਦਾ ਗੁਰਮਤਿ ਦੁਆਰਾ ਸਾਂਝਾ ਅਧਿਕਾਰ ਜਣਾਇਆ ਹੈ ਅਤੇ ਕੇਵਲ ਇਕੋ ਗੁਰਮਤਿ-ਆਦਰਸ਼ੀ ਅਕਾਲ ਪੁਰਖ ਦੀ ਉਪਾਸ਼ਨਾ ਦੇ ਅਧਾਰ ਉਤੇ ਹੀ ਪ੍ਰਾਣੀ ਮਾਤਰ ਦਾ ਸੱਚਾ ਉਧਾਰ ਸੁਧਾਰ ਸਿਧ ਕੀਤਾ ਹੈ। ਹੋਰ ਕਿਸੇ ਵੇਦ-ਕਤੇਬੀ ਮਤ ਮਜ਼ਹਬ ਦੁਆਰਾ ਪ੍ਰਾਣੀ ਮਾਤ੍ਰ ਦਾ ਉਧਾਰ ਨਹੀਂ ਹੋ ਸਕਦਾ। ਵੇਦ-ਕਤੇਬੀ ਮਤਾਂ ਪ੍ਰਥਾਇ ਤਾਂ ਗੁਰੂ ਦਸਮੇਸ਼ ਜੀ ਦੇ ਸ੍ਰੀ ਮੁਖਵਾਕ ਇਸ ਬਿਧਿ ਆਉਂਦੇ ਹਨ। ਯਥਾ:—

ਕੋਈ ਪੜ੍ਹਤ ਕੁਰਾਨ ਕੋ, ਕੋਈ ਪੜ੍ਹਤ ਪੁਰਾਨ ॥
ਕਾਲ ਨ ਸਕਤ ਬਚਾਇ ਕੈ, ਫੋਕਟ ਧਰਮ ਨਿਦਾਨ ॥੪੭॥

ਵੇਦ-ਕਤੇਬੀ ਦੋਈ ਮਤ ਇਸ ਸ੍ਰੀ ਮੁਖਵਾਕ ਦੁਆਰਾ ਫੋਕਟ ਧਰਮ ਹੀ ਸਿਧ ਕੀਤੇ ਹਨ। ਤਥਾ:—

ਕਈ ਕੋਟਿ ਮਿਲਿ ਪੜ੍ਹਤ ਕੁਰਾਨਾ ॥ ਬਾਚਤ* ਕਿਤੇ ਪੁਰਾਨ ਅਜਾਨਾ ॥

*ਵਾਚਦੇ ਹਨ।



www.AKJ.Org

ਅੰਤ ਕਾਲ ਕੋਈ ਕਾਮ ਨ ਆਵਾ ॥ ਦਾਵ ਕਾਲ ਕਾਹੂ ਨ ਬਚਾਵਾ ॥੪੮॥
ਬਚਿਤ੍ਰ ਨਾਟਕ, ਅਧਿਆਇ ੬

ਸੋ ਇਹਨਾਂ ਕੁਰਾਨ-ਪੁਰਾਨੀ, ਵੇਦ-ਕਤੇਬੀ ਧਰਮ-ਕਰਮਾਂ ਦਾ ਪ੍ਰੀਤਿਆਗ ਦਸ ਕੇ ਸ੍ਰੀ ਦਸਮੇਸ਼ ਜੀ ਨੇ ਨਾਲ ਲਗਦਾ ਹੀ ਖਾਲਸ-ਤਤ-ਧਰਮੀ ਸ੍ਰੀ ਅਕਾਲ ਪੁਰਖ ਜੀ ਦਾ ਗੁਰਮਤਿ ਜਪ-ਜਾਪ ਸਰਬ ਕਾਇਨਾਤੀ ਜੀਵਾਂ ਲਈ ਕਲਿਆਣ-ਕਾਰੀ ਸਿਧ ਕੀਤਾ ਹੈ। ਯਥਾ:—

ਕਿਉਂ ਨ ਜਪੋ ਤਾ ਕੋ ਤੁਮ ਭਾਈ ॥ ਅੰਤ ਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰਿ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥੪੯॥
ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋਂ ॥ ਨ ਅਉਰ ਥਾਪਨਾਂ ਥਪੋਂ ॥੩੭॥
ਬਿਅੰਤ ਨਾਮ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥
ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥
ਪਰੱਮ ਧਿਆਨ ਧਾਰੀਯੰ ॥ ਅਨੰਤ ਪਾਪ ਟਾਰੀਯੰ ॥੩੯॥
ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥
ਤਵੱਕ ਨਾਮ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥੪੦॥

ਪੁਨਾ— ਜਿਨ ਜਿਨ ਨਾਮੁ ਤਿਹਾਰੋ ਧਿਆਇਆ ॥ ਦੂਖ ਪਾਪ ਤਿਨ ਨਿਕਟ ਨ ਆਇਆ ॥
ਜੇ ਜੇ ਅਉਰ ਧਿਆਨ ਕੋ ਧਰਹੀਂ ॥ ਬਹਿਸ ਬਹਿਸ *ਬਾਦਨ ਤੇ ਮਰਹੀਂ ॥੪੧॥
ਬਚਿਤ੍ਰ ਨਾਟਕ, ਅਧਿਆਇ ੬

ਤਾਂ ਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਸਮੁਚੇ ਸ੍ਰੀ ਮੁਖਵਾਕ ਦਾ ਆਸਰਾ ਲੈ ਕੇ ਜੋ ਲੋਗ ਇਸ ਵਾਕ ਦੇ ਸਿਧਾਂਤ ਤੋਂ ਉਲਟ ਪਰਚਾਰ ਕਰਦੇ ਹਨ, ਉਹ ਗ਼ਲਤ ਰਸਤੇ ਤੇ ਚਲਦੇ ਹਨ ਅਤੇ ਲੋਕਾਂ ਨੂੰ ਚਲਾਉਂਦੇ ਹਨ। ਓਹ ਭੀ ਭਰਮ-ਭੁਲੇਖੇ ਵਿਚ ਹਨ ਜੋ ਲੋਗ ਕਿ ਇਸ ਤੋਂ ਇਹ ਸਿੱਟਾ ਕਢਦੇ ਹਨ ਕਿ ਧਰਮ ਧਾਰਨ ਕਰਨ ਦੀ ਲੋੜ ਹੀ ਨਹੀਂ, ਆਪੋਂ ਸੁਤੇ ਸਿਧ ਹੀ ਸਭ ਦਾ ਉਧਾਰ ਹੋਇਆ ਪਇਆ ਹੈ। ਅਤੇ ਓਹ ਲੋਗ ਭੀ ਭਰਮੇ ਹੋਏ ਹਨ ਅਤੇ ਮੁਗਾਲਤੇ ਵਿਚ ਪਏ ਹੋਏ ਹਨ ਜੋ ਕਹਿੰਦੇ ਹਨ ਕਿ ਸਭ ਮਜ਼ਹਬ ਇਕ-ਸਾਰ ਹੀ ਕਲਿਆਨਕਾਰੀ ਅਤੇ ਸਰਬ ਜੀਆਂ ਉਧਾਰੀ ਹਨ। ਬਲਕਿ ਇਸ ਸ੍ਰੀ ਮੁਖਵਾਕ ਦੁਆਰਾ ਇਹੋ ਹੀ ਦ੍ਰਿੜ੍ਹਾਇਆ ਗਿਆ ਹੈ ਕਿ:— ਏਕੋ ਧਰਮੁ ਦ੍ਰਿੜੈ ਸਚੁ ਕੋਈ ॥

ਗੁਰਮਤਿ ਪੂਰਾ ਜੁਗਿ ਜੁਗਿ ਸੋਈ...॥੪॥ (੮॥੩) ਬਸੰਤੁ ਮ: ੧, ਪੰਨਾ ੧੧੮੮

ਅਰਥਾਤ, ਇਕੋ ਹੀ ਗੁਰਮਤਿ ਧਰਮ ਸੱਚਾ ਧਰਮ ਹੈ, ਜੋ ਜੁਗਾਂ ਜੁਗਾਂਤਰੀ ਪੂਰਾ ਉਤਰਦਾ ਹੈ। ਇਸ ਨੂੰ ਭਾਵੇਂ ਕੋਈ ਧਾਰਨ ਕਰ ਲਵੇ। ਸਭਸ ਨੂੰ ਇਸ ਦੇ ਧਾਰਨ ਕਰਨ ਦਾ ਅਧਿਕਾਰ ਹੈ। ਹਿੰਦੂ, ਤੁਰਕ, ਈਸਾਈ, ਮੂਸਾਈ, ਅਤੇ ਕਹਾਉਤੀ ਅਛੂਤ ਜਾਤੀਆਂ ਸਭਨਾਂ ਲਈ ਹੀ ਗੁਰਮਤਿ ਖਾਲਸ ਧਰਮ ਦਾ ਦਰ ਖੁਲ੍ਹਾ ਹੈ। ਜੋ ਇਸ ਖਾਲਸ ਧਰਮ ਨੂੰ ਦ੍ਰਿੜ੍ਹ ਕਰਿ ਧਾਰਨ ਕਰੇਗਾ, ਸਭਸ ਦਾ ਉਧਾਰ ਹੋ ਜਾਏਗਾ। ਇਹ ਭਾਵ ਹਰਗਿਜ਼ ਨਹੀਂ ਕਿ ਅਧਰਮੀਆਂ ਅਨਮਤੀਆਂ ਦਾ ਐਵੇਂ ਹੀ (ਖਾਲਸ ਧਰਮ ਧਾਰਨ ਕੀਤੇ ਬਿਨਾਂ ਹੀ) ਉਧਾਰ ਹੋ ਜਾਇਗਾ।

ਇਤੁ ਭਰਵਾਸੈ ਰਹਣੁ ਕੁਢੰਗਾ ।੯॥ ਭਾਈ ਗੁਰਦਾਸ ਜੀ, ਵਾਰ ੩੧ ਪਉੜੀ ੯

["ਗੁਰਮਤਿ ਲੇਖ" ਪੁਸਤਕ ਵਿਚੋਂ

*ਵਾਦ ਵਿਵਾਦ ਵਿਚ।



www.AKJ.Org

# 'ਸਾਚੀ ਪ੍ਰੀਤਿ' ਬਿਨਾਂ ਮਨੁੱਖਤਾ ਨਾਲ ਪਿਆਰ ਕਿਥੇ ?

[ਵਲੋਂ—ਪ੍ਰੋਫ਼ੈਸਰ ਗੁਰਮੁਖ ਸਿੰਘ ਜੀ]

**ਸਿਖ ਮਾਨਸਕਿਤਾ ਲੇਖ-ਲੜੀ ਨੰਬਰ ੩**

ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਚਾਨਣ ਵਿਚ ਕਿਵੇਂ ਸਿਖ ਮਾਨਸਕਿਤਾ ਦਾ ਵਿਕਾਸ ਕੀਤਾ, ਇਸ ਸੰਬੰਧ ਵਿਚ ਅਸੀਂ ਪ੍ਰੋਫ਼ੈਸਰ ਜੀ ਦੇ ਦੋ ਲੇਖ "ਪਹਿਲਾਂ ਮਰਣੁ ਕਬੂਲਿ" ਅਤੇ "ਪਤਿ ਵਿਣੁ ਪੂਜਾ" ਅਪ੍ਰੈਲ ਤੇ ਮਈ ਦੇ ਪਰਚਿਆਂ ਵਿਚ ਦੇ ਆਏ ਹਾਂ। ਹੁਣ ਉਸੇ ਲੜੀ ਦਾ ਇਹ ਤੀਜਾ ਲੇਖ ਪਾਠਕਾਂ ਦੀ ਭੇਟ ਹੈ। —ਸੰਪਾਦਕ

ਸਤਿਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਕਿ ਕੇਵਲ ਇਕੋ ਅਕਾਲ ਹੀ ਸਤਿ ਹੈ ਅਤੇ ਪੂਜਣ ਜੋਗ ਹੈ— "ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥" (੩੫੦) ਇਸ ਮਿਸ਼ਨ ਨੂੰ ਲੈ ਕੇ ਆਪ ਨੇ ਚਾਰ ਉਦਾਸੀਆਂ ਦੌਰਾਨ ਅਤੇ ਫਿਰ ਕਰਤਾਰਪੁਰ ਸਾਹਿਬ (ਹੁਣ ਪਾਕਿਸਤਾਨ ਵਿਚ ਹੈ) ਵਿਖੇ ੧੯ ਸਾਲ ਭੁਲੀ ਭਟਕੀ ਮਨੁਖਤਾ ਨੂੰ ਸੱਚ ਦੇ ਰਾਹ ਉਤੇ ਤੋਰਨ ਦਾ ਜੋ ਉਦਮ ਕੀਤਾ ਤੇ ਬਾਣੀ ਦੁਆਰਾ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ, ਉਸ ਨਾਲ ਸਹਿਜੇ ਸਹਿਜੇ ਭਾਰਤੀ ਲੋਕਾਂ ਦੇ ਮਨਾਂ ਉਤੇ ਅਤੇ ਖਾਸ ਕਰਕੇ ਪੰਜਾਬ ਦੇ ਉਹਨਾ ਲੋਕਾਂ ਦੀਆਂ ਮਾਨਸਿਕ ਮਨੋ ਬਿਰਤੀਆਂ ਵਿਚ ਫ਼ਰਕ ਪੈਣਾ ਸ਼ੁਰੂ ਹੋ ਗਿਆ ਜਿਹੜੇ ਸਤਿਗੁਰ ਜੀ ਦੇ ਸੰਪਰਕ ਵਿਚ ਆਏ। ਸਦੀਆਂ ਪੁਰਾਣੀ ਸਭਿਅਤਾ ਦੀ ਕਾਲਖ ਜੋ ਸਮਾਜ ਦੇ ਹਰ ਮਨੁਖ ਦੇ ਮਨ ਉਤੇ ਹੁਣ ਤਕ ਚਿਪਕੀ ਹੋਈ ਹੈ, ਉਹ ਹੌਲੀ ਹੌਲੀ ਪਵਿਤਰ ਬਾਣੀ ਦੀ ਨਿਤਾਪ੍ਰਤੀ ਘਾਸ ਨੇ ਦੂਰ ਕੀਤੀ ਹੈ ਤੇ ਹੁਣ ਭੀ ਕਰ ਰਹੀ ਹੈ।

ਸਤਿਗੁਰੂ ਜੀ ਦੇ ਪਰਵਰਤੀ ਗੁਰੂ ਸਾਹਿਬਾਨ ਨੇ ਇਕ ਸੌ ਸੱਤਰ ਸਾਲ ਮਨੁਖ ਦੇ ਮਨ ਤੋਂ ਸਦੀਆਂ ਪੁਰਾਣੇ ਜੰਗਾਲ ਨੂੰ ਆਪਣੀ ਪਵਿਤਰ ਛੋਹ ਅਤੇ ਨਾਮ ਬਾਣੀ ਦੀ ਪਾਰਸਮਈ ਕਲਾ ਨਾਲ ਲਾਹੁਣ ਦੀ ਬਖਸ਼ਸ਼ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਅਦੁਤੀ ਬਖਸ਼ਸ਼ ਗੁਰਬਾਣੀ ਦਾ ਸੰਕਲਨ ਕਰ ਕੇ ਕੀਤੀ। ਪਹਿਲੇ ਚਾਰੋਂ ਸਤਿਗੁਰਾਂ ਦੀ ਰਚੀ ਬਾਣੀ ਅਤੇ ਆਪਣੀ ਰਚੀ ਬਾਣੀ ਨੂੰ ਇਕੋ ਥਾਂ ਤਰਤੀਬ ਦੇ ਕੇ ਸਦੀਵ ਕਾਲ ਲਈ ਉਸ ਪਵਿਤਰ ਬਾਣੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕੀਤਾ ਤਾਂ ਕਿ ਅਗੋਂ ਭੀ ਜੰਗਾਲੇ ਮਨਾਂ ਤੋਂ ਮੈਲ ਉਤਾਰੀ ਜਾ ਸਕੇ।

ਸੁਣਿ ਹਰਿ ਕਥਾ ਉਤਾਰੀ ਮੈਲੁ ॥ (ਗਉੜੀ ਗੁ: ਮ: ੫—੧੭੮)

ਨੌਵੇਂ ਸਤਿਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਚੜ੍ਹਵਾਈ ਅਤੇ ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਰੂਪ ਤਿਆਰ ਹੋਇਆ।

ਇਸ ਸੰਖੇਪ ਵਾਰਤਾ ਦਾ ਮਨੋਰਥ ਕੇਵਲ ਇਹ ਦਰਸਾਉਣਾ ਹੈ ਕਿ ਜਿਥੇ ਗੁਰਬਾਣੀ ਨੂੰ ਸਤਿਗੁਰੂ ਸਾਹਿਬਾਨ ਨੇ ਮੋਹਰ-ਬੰਦ ਕਰ ਕੇ ਰਲਾਵਟ ਹੋਣ ਤੋਂ ਸਦਾ ਲਈ ਬਚਾਅ ਲਿਆ ਉਥੇ ਮਨੁਖਤਾ ਦੇ ਮਨ ਦੀ ਮੈਲ ਪੂਰੀ ਤਰ੍ਹਾਂ ਕਟੀ ਜਾ ਸਕੇ। ਇਹ ਗੱਲ ਨਿਸਚਿਤ ਬਣਾਈ ਕਿਉਂਕਿ ਕਚੀ ਬਾਣੀ ਮੈਲ ਨਹੀਂ ਕਟ ਸਕਦੀ। ਇਸ ਲਈ ਸੱਚੀ ਬਾਣੀ ਪੜ੍ਹਨ, ਗਾਉਣ ਤੇ ਸੁਣਨ ਦਾ ਉਪਦੇਸ਼ ਹੈ—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ੩॥

(ਰਾਮਕਲੀ ਮ: ੩ ਅਨੰਦੁ—੯੨੦)

ਕਿਉਂਕਿ— ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ ॥੨੪॥

ਵਰਤਮਾਨ ਲੇਖ-ਲੜੀ ਦਾ ਮਨੋਰਥ ਇਸ ਗੱਲ ਤੇ ਵਿਚਾਰ ਕਰਨਾ ਹੈ ਕਿ ਜੋ ਜੋ ਪ੍ਰਾਣੀ ਗੁਰਬਾਣੀ ਨੂੰ



www.AKJ.Org

ਪ੍ਰੇਮ ਅਤੇ ਭੈ-ਭਾਵਨੀ ਸਹਿਤ ਪੜ੍ਹਦਾ, ਸੁਣਦਾ ਜਾਂ ਗਾਉਂਦਾ ਹੈ, ਉਸਦੇ ਮਨ ਦੀ ਮੈਲ ਉਤਰਨ ਪਿਛੋਂ ਕਿਹੋ ਜਿਹੇ ਮਾਨਸਿਕ ਢਾਂਚੇ ਦੀ ਉਸਾਰੀ ਹੁੰਦੀ ਹੈ ? ਸਿਖ ਦਾ ਜੀਵਨ ਕਿਵੇਂ ਪਲਟਦਾ ਹੈ ਤੇ ਉਹ ਕਿਵੇਂ ਪਰਮ ਹੰਸ ਬਣ ਜਾਂਦਾ ਹੈ—

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥
(ਮਾਝ ਮ: ੫, ਪੰਨਾ ੧੦੩)

ਸਭ ਤੋਂ ਪਹਿਲਾ ਪ੍ਰਭਾਵ ਸਿਖ ਦੇ ਮਨ ਤੇ ਇਹ ਪੈਂਦਾ ਹੈ ਕਿ ਵਾਹਿਗੁਰੂ ਜੀ ਹੀ ਇਸ ਸਾਰੀ ਸ੍ਰਿਸ਼ਟੀ ਦੇ ਰਚਣਹਾਰ, ਪਾਲਨਹਾਰ ਅਤੇ ਮਾਰਨਹਾਰ ਹਨ। ਬ੍ਰਹਮਾ ਵਿਸ਼ਨੂ ਅਤੇ ਸ਼ਿਵ ਉਸਦੇ ਕਰਿੰਦੇ ਹੀ ਹਨ। ਅਸਲ ਮਾਲਕ ਤਾਂ ਇਕੋ ਆਪ ਹੀ ਹੈ। ਬਾਣੀ ਨੇ ਇਸ ਨਿਸਚੇ ਨੂੰ ਹੋਰ ਪਕਿਆਂ ਕੀਤੈ—

ਤੂ ਮੇਰਾ ਪਿਤਾ, ਤੂ ਹੈ ਮੇਰਾ ਮਾਤਾ ॥ ਤੂ ਮੇਰਾ ਬੰਧਪੁ ਤੂ ਮੇਰਾ ਭ੍ਰਾਤਾ ॥
ਤੂ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ ॥੧॥ (ਮਾਝ ਮ: ੫, ਪੰਨਾ ੧੦੩)
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ, ਮਾਇਆ ਮੋਹੁ ਵਧਾਇਦਾ ॥੧੪॥ (ਮਾਰੂ ਮ: ੦—੧੦੩੬)

ਇਹ ਗੱਲ ਖੋਜ ਦੀ ਮੁਥਾਜ ਹੈ ਕਿ ਆਰੀਆ ਸਭਿਅਤਾ ਨੇ ਤੇਤੀ ਕ੍ਰੋੜ ਦੇਵਤਿਆਂ ਦੇ ਹੁੰਦਿਆਂ, ਕਦੋਂ ਤੋਂ ਤੇ ਕਿਉਂ ਦੋ ਚਾਰ ਕੁਆਰੀਆਂ ਦੇਵੀਆਂ ਦਾ ਲੜ ਫੜਨਾ ਸ਼ੁਰੂ ਕੀਤਾ ਤੇ ਉਹਨਾਂ ਨੂੰ ਮਾਤਾ ਕਹਿ ਕੇ ਉਹਨਾਂ ਦੀ ਪੂਜਾ ਅਰੰਭੀ ? ਕਾਲੀ ਦੇਵੀ, ਮਨਸਾ ਦੇਵੀ, ਨੈਣਾਂ ਦੇਵੀ, ਸੰਤੋਸ਼ੀ ਮਾਤਾ ਆਦਿ ਦੀ ਪੂਜਾ ਕਦੋਂ ਤੋਂ ਅਤੇ ਕਿਵੇਂ ਪ੍ਰਚਲਤ ਹੋਈ। ਇਹ ਤਾਂ ਖੋਜੀ ਵਿਦਵਾਨ ਹੀ ਦਸ ਸਕਣਗੇ ਕਿ ਕੁਆਰੀਆਂ ਦੇਵੀਆਂ ਭੀ ਮਾਤਾ ਹੋ ਸਕਦੀਆਂ ਹਨ। ਪਰ ਸਤਿਗੁਰਾਂ ਨੇ ਸਿਖ ਲਈ ਆਪਣੇ ਇਸ਼ਟ, ਆਪਣੇ ਮਾਤਾ ਪਿਤਾ, ਸਭ ਕਾਸੇ ਦੀ ਥਾਂ ਅਕਾਲ ਪੁਰਖ ਨੂੰ ਹੀ ਮੰਨਿਆ ਹੈ। ਇਉਂ ਹਰ ਸਿਖ ਲਈ ਸ੍ਰੀ ਅਕਾਲ ਪੁਰਖ ਹੀ 'ਮਾਤ ਪਿਤਾ ਹਰਿ ਰਾਇਆ' ਹੈ। ਇਕ ਅਕਾਲ ਦੀ ਪੂਜਾ, ਇਕ ਅਕਾਲ ਦਾ ਆਸਰਾ, ਇਕੋ ਅਕਾਲ ਦੀ ਟੇਕ ਰਖਣੀ ਗੁਰਬਾਣੀ ਦਾ ਸਿਖ ਨੂੰ ਸਭ ਤੋਂ ਪ੍ਰਥਮ ਉਪਦੇਸ਼ ਹੈ—

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਆਸਾ ਮ: ੧—੩੫੦)
ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥ (ਰਾਮਕਲੀ ਮ: ੫—੮੯੪)

ਇਸ ਇਕ ਲਈ ਮਨ ਵਿਚ ਪੂਰਨ ਨਿਸਚਾ ਧਾਰਨ ਕਰਨਾ ਅਤੇ ਮਨ ਵਿਚ ਇਸ ਇਕ ਲਈ ਹੀ ਸਚੀ ਪ੍ਰੀਤ ਅਤੇ ਸਚੀ ਭੈ-ਭਾਵਨੀ ਧਾਰਨ ਕਰਨਾ ਗੁਰਬਾਣੀ ਸਿਖਾਂਦੀ ਹੈ—

ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
ਕਰਨਹਾਰੁ ਨਾਨਕ ਇਕੁ ਜਾਨਿਆ ॥੩॥੨੨॥ (ਸੁਖਮਨੀ ਮ: ੫—੨੯੨)
ਫਿਰ— ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜਰਿ ਅਵਰ ਸੰਗਿ ਤੋਰੀ ॥੩॥ (੬੫੯)
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥ (ਸੋਰਠਿ ਰਵਿਦਾਸ ਜੀ, ੬੫੮)

ਗੁਰਬਾਣੀ ਦਾ ਮਾਰਗ ਪ੍ਰੇਮਾ-ਭਗਤੀ ਮਾਰਗ ਹੈ। ਸਮੁਚੀ ਬਾਣੀ ਵਿਚ ਇਕ ਅਕਾਲ ਦੀ ਉਸਤਤ ਦਾ ਕੇਂਦਰੀ ਧੁਰਾ ਹੀ ਰੱਬੀ ਪਿਆਰ ਹੈ। ਜੋ ਜੋ ਪ੍ਰਾਣੀ 'ਗੁਰਬਾਣੀ' ਪ੍ਰੇਮ ਨਾਲ ਪੜ੍ਹਦਾ ਹੈ, ਉਸਦੇ ਅੰਦਰ ਆਪ-ਮੁਹਾਰੇ ਰੱਬੀ ਪ੍ਰੇਮ ਦੀ ਰੌ ਵਗ ਤੁਰਦੀ ਹੈ। ਖ਼ੁਸ਼ਕ ਫ਼ਿਲਾਸਫ਼ਰਾਂ ਦੀ ਗੱਲ ਹੋਰ ਹੈ, ਜੋ ਬਾਣੀ ਨੂੰ ਕਾਵਿ ਰੂਪ ਮੰਨ ਕੇ ਪੜ੍ਹਦੇ ਹਨ, ਤੇ ਉਸ ਵਿਚਲੇ ਵਿਸ਼ੇ-ਵਸਤੂ ਨੂੰ ਕਿਸੇ ਖ਼ਾਸ ਸਿਧਾਂਤਾਂ ਦੇ ਢਾਂਚੇ ਸਾਂਚੇ ਵਿਚ ਫ਼ਿਟ ਕਰਨ ਦਾ ਜਤਨ ਕਰਦੇ ਹਨ। ਕੋਈ ਗੁਰਬਾਣੀ ਨੂੰ ਮਾਰਕਸੀ ਢਾਂਚੇ ਵਿਚ ਜੋੜਨ ਦਾ ਜਤਨ ਕਰ ਰਿਹਾ ਹੈ, ਕੋਈ ਹੀਗਲ ਦੇ ਆਦਰਸ਼ਵਾਦ ਨਾਲ ਇਸਦਾ ਸੰਬੰਧ ਸਥਾਪਤ ਕਰਦਾ ਫਿਰਦਾ ਹੈ, ਪਰ ਉਹਨਾਂ ਨੂੰ ਇਸ


www.AKJ.Org

ਅੰਤਰਮੁਖੀ ਭਾਵਨਾ ਦੀ ਤੀਬਰਤਾ ਦਾ ਕੀ ਪਤਾ ? ਉਹਨਾਂ ਨੂੰ ਇਹਨਾਂ ਪ੍ਰੇਮ-ਵਲਵਲਿਆਂ ਦੀ ਕੀ ਕਦਰ ?

ਮਾਧਵੇ, ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ (੬੫੮)
ਕਰਵਤੁ* ਭਲਾ, ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥......
ਜਉ ਤਨੁ ਚੀਰਹਿ ਤਉ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥
(ਆਸਾ ਕਬੀਰ ਜੀ, ੪੮੪)

ਪ੍ਰੇਮ ਤੋਂ ਸਖਣੇ ਵਿਦਵਾਨਾਂ ਲਈ ਇਹ ਕੇਵਲ ਭਾਵੁਕ ਵਿਚਾਰ ਹਨ, ਭਾਵੁਕ ਗੀਤ ਹਨ, ਪਰ ਕਬੀਰ ਜੀ ਨੂੰ ਪੁਛ ਕੇ ਦੇਖੋ, ਇਹ ਕੀ ਹਨ।

ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ ॥੩॥੫॥ ੪॥੫੫॥
(ਗਉੜੀ ਕਬੀਰ ਜੀ, ੩੩੫)

ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :–

ਹਰਿ ਦਰਸਨੁ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰੁ ॥...੧॥ ਰਹਾਉ॥ (ਗੋਂਡ ਮ: ੪–੮੬੧)

ਭਗਤ ਨਾਮਦੇਵ ਜੀ ਆਪਣੇ ਅਨੁਭਵ ਦੀ ਗੱਲ ਦਸਦੇ ਹਨ :–

ਬੇਢੀ ਪ੍ਰੀਤਿ ਮਜੂਰੀ ਮਾਂਗੈ, ਜਉ ਕਊ ਛਾਨਿ† ਛਵਾਵੈ ਹੋ ॥
ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੋ ॥੨॥ (ਸੋਰਠਿ ਨਾਮਦੇਵ ਜੀ–੬੫੭)

ਅਦ੍ਰਿਸ਼ਟ ਵਾਹਿਗੁਰੂ ਜੀ ਲਈ ਪ੍ਰੀਤਿ ਦੀ ਇਕ ਡੂੰਘੀ ਅਵਸਥਾ ਦਾ ਵਰਨਣ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਮਿਲਦਾ ਹੈ–

ਰੋਮਿ ਰੋਮਿ ਮਨਿ ਤਨਿ ਇਕ ਬੇਦਨ, ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥
ਬੈਦਿਕ ਨਾਟਿਕ ਦੇਖਿ ਭੁਲਾਨੇ, ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੨॥
ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ, ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥
(ਬਿਲਾਵਲੁ ਮ: ੪–੮੩੬)

ਭਾਵ, ਪ੍ਰਭੂ-ਪ੍ਰੀਤ ਦੀ ਚਰਮ ਸੀਮਾ ਇਹ ਹੈ ਕਿ ਰੋਮ ਰੋਮ ਅੰਦਰ ਉਸ ਪ੍ਰੀਤਮ ਪਿਆਰੇ ਲਈ ਤੜਪ ਹੁੰਦੀ ਹੈ, ਜਿਸ ਕਾਰਨ ਉਹ ਖਿਨ ਪਲ ਭੀ ਉਸ ਪ੍ਰੀਤਮ ਤੋਂ ਬਿਨਾਂ ਰਹਿ ਨਹੀਂ ਸਕਦੇ। ਉਸ ਪ੍ਰੀਤਮ ਦੀ ਯਾਦ ਹੀ ਉਹਨਾਂ ਦਾ ਜੀਵਨ ਹੁੰਦਾ ਹੈ। ਉਹ ਖਿਨ ਖਿਨ ਨਾਮ ਜਪ ਜਪ ਕੇ ਉਸ ਪਿਆਰੇ ਦੀ ਛੋਹ ਪ੍ਰਾਪਤ ਕਰਦੇ ਹਨ। ਨਾਮ ਦਾ ਜਪਣਾ ਉਸਦੀ ਯਾਦ ਨੂੰ ਦਮ-ਬ-ਦਮ ਹਿਰਦੇ ਅੰਦਰ ਤਾਜ਼ਾ ਬਣਾਈ ਰਖਦਾ ਹੈ। ਪ੍ਰੇਮ ਤੋਂ ਸਖਣੇ ਫ਼ਿਲਾਸਫ਼ਰਾਂ ਨੂੰ ਇਸ ਪ੍ਰੇਮ ਦੀ ਰਹੱਸਮਈ ਗੱਲ ਸਮਝ ਹੀ ਨਹੀਂ ਆਈ ਕਿ ਕਿਉਂ ਗੁਰਬਾਣੀ ਦੇ ਹਰ ਸ਼ਬਦ ਵਿਚ ਨਾਮ ਜਪਣ ਤੇ ਜ਼ੋਰ ਦਿਤਾ ਗਿਆ ਹੈ।

ਪ੍ਰਭੂ ਅਦ੍ਰਿਸ਼ਟ ਹੈ, ਅਗੰਮ ਹੈ, ਭਾਵ ਸਾਡੇ ਮਨ ਬੁਧੀ ਦਾ ਵਿਸ਼ਾ ਹੀ ਨਹੀਂ, ਅਤਿ ਸੂਖਮ ਹੈ। ਉਸ ਨਾਲ ਪਿਆਰ ਪਾਉਣ ਦਾ ਤਰੀਕਾ ਸਤਿਗੁਰਾਂ ਨੇ ਗੁਰਬਾਣੀ ਰਾਹੀਂ ਇਹੋ ਦਸਿਆ ਹੈ ਕਿ ਅਠੇ ਪਹਿਰ ਉਸਦੀ ਯਾਦ ਵਿਚ ਲਿਵ ਜੋੜੀ ਰਖੋ–

ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ, ਜੀਵਨ ਪਦਵੀ ਪਾਇ ॥੨॥੧੯॥
(ਮ: ੩, ਬਿਹਾਗੜਾ ਕੀ ਵਾਰ, ਪੰਨਾ ੫੫੬)

ਨਾਮ ਜਪਣਾ ਮਾਨੋ ਉਸਦੀ ਯਾਦ ਵਿਚ ਮਸਤ ਰਹਿਣਾ ਹੈ। ਨਾਮ ਜਪਣਾ ਹੀ ਪ੍ਰੇਮ ਕਰਨਾ ਹੈ। ਜੋ

*ਕਲਵਤਰ, ਆਰਾ। †ਛੰਨ, ਛਪਰੀ।



www.AKJ.Org

ਸਾਈਂ ਦੇ ਪਿਆਰ ਵਿਚ ਜੁੜਨਾ ਚਾਹੁੰਦਾ ਹੈ, ਸਤਿਗੁਰ ਜੀ ਦਾ ਉਪਦੇਸ਼ ਹੈ, ਉਹ ਉਸਦੇ ਨਾਮ ਵਿਚ ਜੁੜੇ। ਹੌਲੀ ਹੌਲੀ ਪ੍ਰੇਮ ਦੀ ਤਾਰ ਐਸੀ ਕਸੀ ਜਾਂਦੀ ਹੈ :—

ਆਖਾ ਜੀਵਾ ਵਿਸਰੈ ਮਰਿ ਜਾਉ ॥ (ਆਸਾ ਮ: ੧, ਪੰਨਾ ੯)

ਨਾਮ ਜਪਣਾ ਮਾਨੋ ਜੀਵਨ ਹੈ ਅਤੇ ਉਸ ਨੂੰ ਵਿਸਾਰਨਾ ਮੌਤ। ਪ੍ਰਭੂ-ਪ੍ਰੇਮ ਤੋਂ ਬਿਨਾਂ ਮੌਤ ਦੀ ਗੱਲ ਉਹ ਹੀ ਕਹਿ ਸਕਦਾ ਹੈ ਜਿਸਨੂੰ ਪ੍ਰੇਮ ਦੀ ਖਿਚ ਨੇ ਖਿਚਿਆ ਹੋਵੇ—

ਮੇਰੀ ਮਤਿ ਬਉਰੀ, ਮੈ ਰਾਮੁ ਬਿਸਾਰਿਓ ॥ ਕਿਨ ਬਿਧਿ ਰਹਨਿ ਰਹਉ ਰੇ ॥
ਸੇਜੈ ਰਮਤੁ ਨੈਨ ਨਹੀ ਪੇਖਉ, ਇਹੁ ਦੁਖੁ ਕਾ ਸਉ ਕਹਉ ਰੇ ॥ (ਆਸਾ ਕਬੀਰ ਜੀ, ੪੮੨)

ਸੋ ਗੁਰਬਾਣੀ ਪੜ੍ਹਨ ਗਾਉਣਹਾਰੇ ਸਿਦਕੀ ਪ੍ਰੇਮੀ ਜਨਾਂ ਦੇ ਹਿਰਦੇ ਅੰਦਰ ਇਕ ਅਕਾਲ ਨੇ ਨਿਸਚਾ, ਅਤੇ ਉਸ ਲਈ ਸਚਾ ਪ੍ਰੇਮ-ਬੈਰਾਗ ਉਪਜਾ ਦਿਤਾ ਹੈ, ਜਿਉਂ ਜਿਉਂ ਭਗਤ ਜਨ ਨਾਮ ਜਪਦੇ ਹਨ ਇਹ ਪ੍ਰੀਤ ਪੱਕੀ ਹੁੰਦੀ ਜਾਂਦੀ ਹੈ। ਇਥੇ ਵਰਨਣ ਜੋਗ ਹੈ ਕਿ ਗੁਰਬਾਣੀ ਦਾ ਸੋਮਾ ਭੀ ਅਨੰਤ ਪ੍ਰਭੂ-ਪ੍ਰੇਮ ਹੈ। ਜਿਸ ਹਿਰਦੇ ਵਿਚ ਇਹ ਬਾਣੀ ਪਹਿਲਾਂ ਧੁਰੋਂ ਉਤਰੀ, ਉਸ ਹਿਰਦੇ ਅੰਦਰ ਅਥਾਹ ਪਿਆਰ ਠਾਠਾਂ ਮਾਰਦਾ ਸੀ। ਸੋ ਬਾਣੀ ਨੂੰ ਜੋ ਜੋ ਪ੍ਰੇਮ ਨਾਲ ਪੜ੍ਹਦਾ, ਸੁਣਦਾ ਜਾਂ ਗਾਉਂਦਾ ਹੈ ਉਸ ਦੇ ਮਨ ਅੰਦਰ ਭੀ ਪ੍ਰੇਮ-ਬੈਰਾਗ ਦਾ ਸਹਿਜੇ ਸਹਿਜੇ ਜਾਗ ਪੈਣਾ ਸੁਭਾਵਕ ਹੈ। ਉਹਨਾਂ ਲੋਕਾਂ ਦੀ ਗੱਲ ਹੋਰ ਹੈ ਜਿਨ੍ਹਾਂ ਨੇ ਬਾਣੀ ਪੜ੍ਹਨ ਗਾਉਣ ਨੂੰ ਧਨ ਇਕੱਤਰ ਕਰਨ ਦਾ ਸਾਧਨ ਬਣਾਇਆ ਹੋਇਆ ਹੈ। ਉਹਨਾਂ ਅੰਦਰ ਕੇਵਲ ਮਾਇਆ ਨਾਲ ਪਿਆਰ ਹੁੰਦਾ ਹੈ, ਪ੍ਰਭੂ-ਪਿਆਰ ਤੋਂ ਉਹ ਅਜੇ ਕੋਹਾਂ ਦੂਰ ਹਨ। ਇਵੇਂ ਕਿਵੇਂ ਹੀ ਉਹ ਵਿਦਵਾਨ ਭੀ ਪ੍ਰਭੂ-ਪ੍ਰੇਮ ਤੋਂ ਸਖਣੇ ਰਹਿੰਦੇ ਹਨ ਜਿਨ੍ਹਾਂ ਨੂੰ ਪਛਮੀ-ਵਿਦਿਆ ਨੇ ਇਹ ਕੁਮਤਿ ਦਤੀ ਹੈ ਕਿ ਸਦਾ ਸਾਇੰਟੀਫ਼ਿਕ ਸਟੱਡੀ ਕਰੋ ਅਤੇ ਸੈਂਟੀਮੈਂਟਲ (ਭਾਵੁਕ) ਕਦੀ ਨਾ ਹੋਵੋ। ਇਸ ਲਈ ਉਹ ਕਦੀ ਭਾਵੁਕ ਨਹੀਂ ਹੁੰਦੇ। ਉਹਨਾਂ ਦੇ ਹਿਰਦੇ ਖ਼ੁਸ਼ਕ ਰਹਿੰਦੇ ਹਨ—

ਸਤਿਗੁਰ ਕੀ ਪਰਤੀਤਿ ਨ ਆਈਆ, ਸਬਦਿ ਨ ਲਾਗੋ ਭਾਉ ॥
ਉਸ ਨੋ ਸੁਖੁ ਨ ਉਪਜੈ, ਭਾਵੈ ਸਉ ਗੇੜਾ ਆਵਉ ਜਾਉ ॥੧॥੧੪॥
(ਵਡਹੰਸ ਕੀ ਵਾਰ, ਸਲੋਕੁ ਮ: ੩, ੫੯੧)

ਉਹ ਦੁਨਿਆਵੀ ਗਿਆਨ ਵਿਗਿਆਨ ਦੀਆਂ ਗੱਲਾਂ ਬਥੇਰੀਆਂ ਕਰ ਸਕਦੇ ਹਨ, ਪਰ ਉਹਨਾਂ ਨੂੰ ਪ੍ਰਭੂ-ਪਿਤਾ ਦੇ ਪ੍ਰੇਮ ਦਾ ਸੁਆਦ ਨਹੀਂ ਆ ਸਕਦਾ।

ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ਰਹਾਉ॥ (ਟੋਡੀ ਮ: ੫—੭੧੫)

ਪ੍ਰਭੂ-ਪ੍ਰੇਮ ਪਹਿਲਾਂ ਭਗਤ ਜਨ ਦੇ ਹਿਰਦੇ ਵਿਚ ਟਿਕਦਾ ਹੈ, ਇਸਨੂੰ ਅੰਤਰਮੁਖੀ ਪ੍ਰੇਮ ਆਖਿਆ ਜਾ ਸਕਦਾ ਹੈ—

ਅਹਿਨਿਸ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ* ਲਗੇ ਤਨ ਭੀਤਰਿ, ਵੈਦੁ ਕਿ ਜਾਣੈ ਕਾਰੀ† ਜੀਉ ॥੧॥ (ਮਾਰੂ ਮ: ੧—੯੯੩)

ਅੰਤਰਮੁਖੀ ਪ੍ਰੇਮ ਨੂੰ ਵੈਦ ਕੀ ਜਾਣੇ। ਤੇ ਉਸਦਾ ਇਲਾਜ ਭੀ ਕੀ ਕਰੇ?

ਮੈ ਅੰਤਰਿ ਵੇਦਨ ਪ੍ਰੇਮ ਕੀ, ਗੁਰ ਦੇਖਤ ਮਨੁ ਸਾਧਾਰਿਆ‡ ॥੪॥੧॥੫॥
(ਸੂਹੀ ਛੰਤ ਮ: ੪—੭੭੬)

ਇਸ ਅੰਤਰਮੁਖੀ ਪ੍ਰੇਮ-ਵੈਰਾਗ ਦੀ ਜੋਤੀ ਹਿਰਦੇ ਅੰਦਰ ਜੇ ਕੋਈ ਚੀਜ਼ ਜਗਾਈ ਰਖ ਸਕਦੀ ਹੈ ਤਾਂ ਉਹ ਵਾਹਿਗੁਰੂ ਜੀ ਦਾ ਨਾਮ ਹੀ ਹੈ। ਨਾਮ ਹੀ ਇਕੋ ਇਕ ਸਾਧਨ ਹੈ ਜਿਸਦੇ ਸਵਾਸ ਗਿਰਾਸ ਜਪਣ ਨਾਲ ਅੰਤਰ ਆਤਮੇ ਪ੍ਰੇਮ ਦੀ ਜੋਤਿ ਲਟ ਲਟ ਬਲਦੀ ਰਖੀ ਜਾ ਸਕਦੀ ਹੈ :—

ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥

*ਤੀਰ। †ਇਲਾਜ। ‡ਹਰਾ ਭਰਾ ਹੋ ਗਿਆ।



www.AKJ.Org

ਸਚੁ ਬੂਝਣੁ ਆਣਿ ਜਲਾਈਐ ॥੨॥

ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥

(ਸਿਰੀਰਾਗੁ ਮ: ੧, ਪੰਨਾ ੨੫)

'ਪੋਥੀ ਪੁਰਾਣ ਕਮਾਈਐ' ਤੋਂ ਭਾਵ ਗੁਰਬਾਣੀ ਪੜ੍ਹਨਾ ਸੁਣਨਾ ਗਾਉਣਾ ਹੈ। ਭਉ ਵੱਟੀ ਦੇ ਅਰਥ ਹਨ, ਮਨ ਅੰਦਰ ਪ੍ਰਭੂ-ਪ੍ਰੀਤ ਨੂੰ ਟਿਕਾਉਣਾ। ਅਤੇ ਸੱਚ ਨੂੰ ਪ੍ਰਾਪਤ ਕਰਨ ਦੀ ਚਾਹ ਨਾਲ ਅੰਤਰ ਆਤਮੇ ਦੀਵਾ ਜਗਾਇਆ ਜਾਂਦਾ ਹੈ।

ਗੁਰਬਾਣੀ ਹਰ ਇਕ ਪ੍ਰਾਣੀ ਨੂੰ ਇਹ ਅੰਤਰਮੁਖੀ ਦੀਵਾ ਜਗਾਉਣ ਦੀ ਪ੍ਰੇਰਨਾ ਕਰਦੀ ਹੈ। ਉਪਰੋਕਤ ਸ਼ਬਦ ਦੇ ਅਰੰਭ ਵਿਚ ਹੀ ਸ੍ਰੀ ਗੁਰੂ ਜੀ ਨੇ ਪ੍ਰਸ਼ਨ ਉਠਾਇਆ ਹੈ ਕਿ ਕੋਈ ਦੀਵਾ ਤੇਲ ਤੋਂ ਬਿਨਾਂ ਕਿਵੇਂ ਜਗਾਇਆ ਜਾ ਸਕਦਾ ਹੈ? ਪ੍ਰੇਮ ਦਾ ਦੀਵਾ ਕੇਵਲ ਨਾਮ ਬਾਣੀ ਰਾਹੀਂ ਜਗਾਈ ਰਖਿਆ ਜਾ ਸਕਦਾ ਹੈ। ਇਹ ਦੀਵਾ ਸੂਖਮ ਹੈ, ਅਦ੍ਰਿਸ਼ਟ ਹੈ, ਇਸ ਦਾ ਤੇਲ ਅਤੇ ਬੱਤੀ ਇਹਨਾਂ ਅੱਖਾਂ ਨਾਲ ਨਹੀਂ ਦੇਖੇ ਜਾ ਸਕਦੇ। ਇਸਦੇ ਚਾਨਣੇ ਵਿਚ ਸੰਸਾਰ ਦੀਆਂ ਚੀਜ਼ਾਂ ਦਾ ਉਹ ਰੂਪ ਨਹੀਂ ਰਹਿੰਦਾ ਜੋ ਸੂਰਜ ਦੇ ਚਾਨਣੇ ਵਿਚ ਦਿਸਦਾ ਹੈ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ, ਸਤਿਗੁਰਿ ਮਿਲਿਐ, ਦਿਬ ਦ੍ਰਿਸਟਿ ਹੋਈ॥੩੬॥

(ਰਾਮਕਲੀ ਮ: ੩ ਅਨੰਦੁ–੯੨੨)

ਭਾਈ ਕਨ੍ਹਈਆ ਜੀ ਨੂੰ ਅੰਦਰਲੇ ਦੀਵੇ ਦੀ ਲੋਅ ਵਿਚ, ਰਣ-ਭੂਮੀ ਅੰਦਰ ਡਿਗੇ ਹਰ ਫਟੜ ਦੇ ਹਿਰਦੇ ਵਿਚ 'ਹਰਿ ਕਾ ਰੂਪ' ਦਿਸਦਾ ਸੀ, ਗੁਰੂ ਦਾ ਰੂਪ ਦਿਸਦਾ ਸੀ, ਉਸਦੀ ਮਾਨਸਿਕ ਦਸ਼ਾ ਸਮਦਰਸੀ ਬਣ ਚੁਕੀ ਸੀ। ਉਸ ਲਈ ਸਜਣ ਤੇ ਵੈਰੀ ਦਾ ਵਿਤਕਰਾ ਮੁਕ ਚੁਕਾ ਸੀ। ਉਹ ਸੱਚ ਕਹਿੰਦਾ ਸੀ, "ਸਚੇ ਪਾਤਸ਼ਾਹ! ਮੈਂ ਤਾਂ ਕਿਸੇ ਦੁਸ਼ਮਣ ਦੇ ਮੂੰਹ ਵਿਚ ਪਾਣੀ ਨਹੀਂ ਪਾਉਂਦਾ।" ਗੁਰਬਾਣੀ ਦੀ ਪਾਰਸ-ਕਲਾ ਹੀ ਇਹੋ ਹੈ—

ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥

(ਕਾਨੜਾ ਮ: ੫–੧੨੯੯)

ਪਛਮੀ ਫ਼ਿਲਾਸਫ਼ਰਾਂ ਦੀ ਮਾਨਵ-ਵਾਦੀ ਫ਼ਿਲਾਸਫ਼ੀ (Humanitarianism) ਤੋਂ ਅਜ ਦੇ ਬਹੁਤੇ ਲੋਕੀਂ ਪ੍ਰਭਾਵਤ ਹੋਏ ਹਨ। ਮਾਨਵ-ਵਾਦ ਮੰਗ ਕਰਦਾ ਹੈ ਕਿ ਹਰ ਇਨਸਾਨ ਨਾਲ ਪਿਆਰ ਕੀਤਾ ਜਾਏ, ਚਾਹੇ ਉਹ ਕਾਲਾ ਹੈ ਜਾਂ ਗੋਰਾ, ਚਾਹੇ ਉਹ ਗਰੀਬ ਹੈ ਜਾਂ ਅਮੀਰ। ਇਸ ਧਾਰਨਾ ਦਾ ਆਧਾਰ ਈਸਾ ਮਸੀਹ ਦਾ ਉਪਦੇਸ਼ ਹੀ ਜਾਪਦਾ ਹੈ ਕਿ "ਆਪਣੇ ਗਵਾਂਢੀ ਨੂੰ ਉਤਨਾ ਹੀ ਪਿਆਰ ਕਰੋ ਜਿਤਨਾ ਤੁਸੀਂ ਆਪਣੇ ਆਪ ਨਾਲ ਕਰਦੇ ਹੋ।" ਈਸਾ ਜੀ ਦੇ ਇਸ ਉਪਦੇਸ਼ ਦਾ ਵਿਸਥਾਰ ਹੈ ਕਿ ਕੇਵਲ ਗਵਾਂਢੀ ਹੀ ਕਿਉਂ, ਸਾਰੀ ਮਨੁਖਤਾ ਨਾਲ ਪਿਆਰ ਕਰਨਾ ਹੋਰ ਵੀ ਮਹਾਨ ਹੈ। ਇਸ ਦਾ ਪ੍ਰਭਾਵ ਪਛਮ ਦੇ ਰਾਜਨੀਤਕ ਚਿੰਤਕਾਂ ਤੇ ਭੀ ਪਿਆ, ਜਿਸ ਨੇ ਮੌਜੂਦਾ ਵੈਲਫ਼ੇਅਰ ਰਾਜ ਨੂੰ ਜਨਮ ਦਿਤਾ। ਪਰ ਸਾਨੂੰ ਪਤੈ ਵੈਲਫ਼ੇਅਰ ਰਾਜ ਵਿਚ ਹੁਕਮਰਾਨ ਕਿਵੇਂ ਮਾਨਵ-ਵਾਦ ਦੇ ਪਰਦੇ ਵਿਚ ਇਕ ਦੂਜੇ ਨਾਲ ਵਿਤਕਰੇ ਕਰਦੇ ਹਨ ਅਤੇ ਕਿੰਨਾ ਕੁ ਮਨੁਖਤਾ ਨਾਲ ਪਿਆਰ ਹੈ। ਮਾਨਵ-ਵਾਦ ਦਾ ਨਿਸ਼ਾਨਾ ਤਾਂ ਠੀਕ ਹੈ, ਪਰ ਉਸ ਪਾਸ ਇਸ ਗੱਲ ਦਾ ਉਤਰ ਨਹੀਂ ਹੈ ਕਿ ਆਖ਼ਰ ਇਕ ਮਨੁਖ ਦੂਜੇ ਮਨੁਖ ਨੂੰ (ਜਾਂ ਸੰਸਾਰ ਵਰਗੇ ਵੱਡੇ ਪਰਿਵਾਰ ਨੂੰ) ਪਿਆਰ ਕਰੇ ਤਾਂ ਕਿਉਂ ਕਰੇ? ਅਜ ਦਾ ਮਨੁਖ ਦੂਜੇ ਮਨੁਖ ਜਾਂ ਗਵਾਂਢੀ ਤੇ ਵਿਸ਼ਵਾਸ ਜਾਂ ਭਰੋਸਾ ਕਰਨ ਨੂੰ ਤਾਂ ਤਿਆਰ ਨਹੀਂ, ਉਸਦੇ ਮਨ ਵਿਚ ਹੋਰ ਅਨੇਕਾਂ ਸ਼ੰਕੇ ਉਠਦੇ ਹਨ, ਪਿਆਰ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।



www.AKJ.Org

ਸਰਬੱਤ ਦਾ ਭਲਾ ਮੰਗਣ ਵਾਲੇ ਪਿਆਰ ਦਾ ਅਧਾਰ ਹੋਰ ਹੈ। ਜਿਵੇਂ ਉਪਰ ਦਸਿਆ ਗਿਆ ਹੈ, ਪਹਿਲਾਂ ਅੰਦਰ ਸੱਚ ਦੇ ਪ੍ਰੇਮ ਦਾ ਦੀਵਾ ਬਾਲਿਆ ਜਾਵੇ, ਫਿਰ ਉਸਦੇ ਚਾਨਣੇ ਵਿਚ ਦੂਈ ਜਾਂ ਦਵੈਤ-ਭਾਵ ਮਿਟ ਜਾਂਦਾ ਹੈ। ਸਾਡੇ ਮਨ ਵਿਚ ਦੂਜੇ ਭਾਵ ਦਾ ਭਰਮ ਹੈ। ਇਸ ਭਰਮ ਦੇ ਅੰਧੇਰੇ ਵਿਚ ਮਨੁਖ ਦਾ ਮਨੁਖ ਵੈਰੀ ਬਣਿਆ ਰਹਿੰਦਾ ਹੈ। ਫਰੀਦ ਜੀ ਨੇ ਬੜੇ ਸੁੰਦਰ ਸ਼ਬਦਾਂ ਵਿਚ ਇਸ ਵਿਚਾਰ ਨੂੰ ਵਰਨਿਆ ਹੈ ਕਿ ਮਨੁਖ ਚਾਹੇ ਉਪਰੋਂ ਬਾਹਰਮੁਖੀ ਕਿਤਨੇ ਹੀ ਧਾਰਮਿਕ ਪਹਿਰਾਵੇ ਧਾਰਦਾ ਫਿਰੇ ਜਿੰਨਾ ਚਿਰ ਅੰਦਰ ਦੀਵਾ ਨਹੀਂ ਬਲਦਾ, ਅੰਦਰ ਜੋਤਿ ਦਾ ਪ੍ਰਕਾਸ਼ ਨਹੀਂ ਹੁੰਦਾ ਉਹ ਈਰਖਾ ਦਵੈਤ ਭਾਵ, ਤ੍ਰੈਗੁਣੀ ਮਾਇਆ ਦੇ ਭਰਮ ਤੋਂ ਉਪਰ ਨਹੀਂ ਉਠ ਸਕਦਾ। ਫਰੀਦ ਜੀ ਕਹਿੰਦੇ ਹਨ ਕਿ ਵੇਖਣ ਨੂੰ ਤਾਂ ਮੋਢੇ ਤੇ ਨਿਮਾਜ਼ ਲਈ ਫੂੜੀ (ਸੂਫ) ਚੁਕੀ ਹੋਈ ਹੈ, ਗਲੇ ਵਿਚ ਫਕੀਰਾਂ ਵਾਲੀ ਕਫਨੀ ਹੈ, ਮੂੰਹੋਂ ਮਿਠੇ ਬੋਲ ਬੋਲਦਾ ਹੈ, ਪਰ ਦਿਲ ਵਿਚ ਨਫਰਤ ਤੇ ਦੁਸ਼ਮਣੀ ਦੀ ਛੁਰੀ ਧਾਰੀ ਹੋਈ ਹੈ। ਬਾਹਰੋਂ ਭਾਵੇਂ ਸ਼ਿੰਗਾਰਿਆ ਹੋਇਆ ਹੈ, ਪਰ ਅੰਦਰ ਘੁਪ ਹਨੇਰਾ ਹੈ—

ਫਰੀਦਾ ਕੰਨਿ ਮੁਸਲਾ, ਸੂਫੁ ਗਲਿ, ਦਿਲਿ ਕਾਤੀ, ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ। ੫੦॥ (ਪੰਨਾ ੧੩੮੦)

ਅੰਦਰਲਾ ਦੀਵਾ ਗੁਰੂ ਦੀ ਬਾਣੀ ਨੇ ਗੁਰੂ ਦੀ ਬਖਸ਼ਸ਼ ਨਾਲ ਬਾਲਣਾ ਹੈ :—

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ, ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
(ਮਾਰੂ ਮ: ੧—੧੦੩੨)

ਭਾਵ ਜੋ ਸਿਖ ਗੁਰੂ ਦੀ ਬਾਣੀ ਨੂੰ ਪ੍ਰੇਮ ਨਾਲ ਪੜ੍ਹਦਾ ਹੈ ਉਸਨੂੰ ਅੰਤਰ ਆਤਮੇ ਗੁਰੂ ਪਾਤਸ਼ਾਹ ਦੀ ਛੋਹ ਮਿਲਦੀ ਹੈ। ਉਸਨੂੰ ਹਰ ਥਾਂ, ਹਰ ਸਮੇਂ ਰੱਬੀ ਚਾਨਣ ਪਸਰਿਆ ਦਿਸਦਾ ਹੈ, ਅਤੇ ਉਸਨੂੰ ਅੰਤਰ ਆਤਮੇ ਗਿਆਨ ਦਾ ਦੀਵਾ ਬਲਦਾ ਮਹਿਸੂਸ ਹੁੰਦਾ ਹੈ। ਮੁਕਦੀ ਗੱਲ ਇਹ ਹੈ, ਸਿਖ ਮਾਨਸਿਕਤਾ ਵਿਚ ਗੁਰਬਾਣੀ ਦੇ ਨਿਤਾਪ੍ਰਤੀ ਪ੍ਰੇਮ ਸਹਿਤ ਪਾਠ ਨਾਲ ਸਹਿਜੇ ਸਹਿਜੇ ਸ੍ਰੀ ਅਕਾਲ ਪੁਰਖ ਜੀ ਪ੍ਰਤੀ ਭੈ ਭਾਵਨੀ ਦਾ ਪ੍ਰਵੇਸ਼ ਹੁੰਦਾ ਹੈ। ਗੁਰਬਾਣੀ ਉਸ ਅਦ੍ਰਿਸ਼ਟ ਵਾਹਿਗੁਰੂ ਜੀ ਨਾਲ ਪਿਆਰ ਦੀਆਂ ਪੀਂਘਾਂ ਪਾਉਣ ਦੀ ਜਾਚ ਸਿਖਾਉਂਦੀ ਹੈ। ਫੇਰ ਉਹ ਸੁਭਾਗਾ ਦਿਨ ਆਉਂਦਾ ਹੈ ਜਦੋਂ ਪੂਰਨ ਅਦਬ ਸਤਿਕਾਰ ਤੇ ਪਿਆਰ ਵਿਚ ਵਿਚਰਦਿਆਂ, ਘਟ ਅੰਦਰ ਇਕ ਅਜੀਬ ਹੀ ਖੇਲ ਵਰਤਦੀ ਹੈ :

ਚਰਣ ਕਮਲ ਰਿਦ ਅੰਤਰਿ ਧਾਰੇ ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥੧੭॥ (ਆਸਾ ਮ: ੫—੩੭੫)

ਫਿਰ ਤਾਂ ਗੱਲ ਹੀ ਹੋਰ ਬਣ ਜਾਂਦੀ ਹੈ। ਸੰਸਾਰਕ ਖੇਲ ਤਾਂ ਮਾਨੋ ਮੁਕ ਹੀ ਜਾਂਦੀ ਹੈ।

ਜਹ ਜਹ ਪੇਖਉ ਤਹ ਹਜੂਰਿ, ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ, ਮਨ ਸਦਾ ਧਿਆਈ ॥੩॥੨੭॥ (ਧਨਾਸਰੀ ਮ: ੫—੬੭੭)

ਫਿਰ ਸਿਖ ਦਾ ਮਾਨਸਿਕ ਦ੍ਰਿਸ਼ਟੀਕੋਣ ਬ੍ਰਹਿਮੰਡੀ ਹੋ ਜਾਂਦਾ ਹੈ। ਇਹ ਫੋਕੇ ਮਾਨਵ-ਵਾਦ ਦੇ ਦ੍ਰਿਸ਼ਟੀਕੋਣ ਤੋਂ ਉਚੇਰਾ ਹੈ। ਸਰਬੱਤ ਦਾ ਭਲਾ ਉਸ ਅੰਦਰਲੇ ਚਾਨਣੇ ਦਾ ਬਾਹਰਮੁਖੀ ਸਰੂਪ ਹੈ। ਆਖ਼ਰ, ਬ੍ਰਹਮ ਗਿਆਨੀ ਪਰਉਪਕਾਰ ਕਿਉਂ ਕਰਦਾ ਹੈ ? ਉਸਦੇ ਮਨ ਵਿਚ ਭਲਾ ਕਰਨ ਦਾ ਉਮਾਹਾ, ਉਤਸ਼ਾਹਾ ਕਿਥੋਂ ਪੈਦਾ ਹੁੰਦਾ ਹੈ ? ਉਤਰ ਇਹੋ ਹੈ—ਕਿ ਅੰਦਰ ਦੀਪਕ ਜਗ ਪੈਣ ਨਾਲ ਫਿਰ ਕੋਈ ਬਿਗਾਨਾ ਰਹਿੰਦਾ ਹੀ ਨਹੀਂ—

ਨਾ ਕੋ ਮੇਰਾ ਦੁਸਮਨੁ ਰਹਿਆ, ਨ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ, ਸਤਿਗੁਰ ਤੇ ਸੋਝੀ ਪਾਈ ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ, ਤਾ ਮੇਲੁ ਕੀਓ ਮੇਰੈ ਰਾਜਨ ॥੩॥੩॥(ਧਨਾਸਰੀ ਮ: ੫—੬੭੧)



www.AKJ.Org

ਇਉਂ ਸਤਿਗੁਰਾਂ ਨੇ ਸਰਬ-ਮਾਨਵ-ਧਰਮ ਦੀ ਸਥਾਪਨਾ ਕੀਤੀ, ਜਿਸਦਾ ਮਨੋਰਥ ਹੈ ਮਨੁਖ ਮਨੁਖ ਵਿਚ ਪਾਏ ਵਿਤਕਰਿਆਂ ਨੂੰ ਦੂਰ ਕੀਤਾ ਜਾਵੇ। ਨਸਲ, ਰੰਗ, ਜਾਤਿ, ਧਰਮ, ਅਤੇ ਲਿੰਗ ਦੇ ਆਧਾਰ ਤੇ ਮਨੁਖ ਦੇ ਪਾਏ ਝਗੜੇ ਅਤੇ ਵਿਤਕਰੇ ਸਭ ਦੂਜਾ ਭਾਉ ਹਨ। ਸਿਖ ਨੂੰ ਸਰਬ-ਪ੍ਰਥਮ ਉਪਦੇਸ਼ ਹੀ ਇਹੋ ਹੈ ਕਿ ਸਭ ਖ਼ਲਕਤ ਨੂੰ ਇਕ ਨੂਰ ਤੋਂ ਬਣਿਆ ਜਾਣਨਾ ਹੈ। ਦੇਸ਼ ਤੇ ਭੇਸ, ਬੋਲੀ ਤੇ ਰਹਿਣ ਸਹਿਣ ਦੇ ਤਰੀਕ ਵਖੋ ਵਖ ਵੇਖ ਕੇ ਭੁਲਣਾ ਨਹੀਂ, ਸਗੋਂ ਇਹ ਯਾਦ ਰਖਣਾ ਹੈ—

...ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥੮੫॥ (ਪਾਤਸ਼ਾਹੀ ੧੦ ਅਕਾਲ ਉਸਤਤਿ)

ਸੋ ਸਿਖ ਮਾਨਸਿਕਤਾ ਮੁਢ ਤੋਂ ਹੀ ਮਾਨਵ-ਬਰਾਬਰੀ, ਸਭ ਨਾਲ ਪ੍ਰੇਮ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣ ਵਰਗੇ ਨਿਰਮਲ ਭਾਵ ਗ੍ਰਹਿਣ ਕਰਨ ਦਾ ਉਪਦੇਸ਼ ਹੈ। ਸਭ ਵਿਚ ਬ੍ਰਹਮ ਦਾ ਪ੍ਰਕਾਸ਼ ਵੇਖ ਕੇ ਉਸ ਅੰਦਰ ਨਿਮਰਤਾ, ਸੱਚ ਬੋਲਣ ਅਤੇ ਸਤ ਬਿਉਹਾਰ ਕਰਨ ਦੀ ਪ੍ਰੇਰਨਾ ਹੋ ਆਉਂਦੀ ਹੈ। ਦੁਰਮਤਿ ਦੇ ਦੂਰ ਹੋ ਜਾਣ ਨਾਲ ਸਿਖ ਦੇ ਅੰਤਰ ਆਤਮੇ ਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਨੇ ਕਿਆ ਖ਼ੂਬ ਖਿਚਿਆ ਹੈ :—

ਗੋਬਿੰਦ ਗੋਬਿੰਦ ਗੋਬਿੰਦ ਮਈ ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ਰਹਾਉ॥
ਪੂਰਨ ਪੂਰਿ ਰਹਿਓ ਸੰਪੂਰਨ, ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ, ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ, ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥

(ਬਿਲਾਵਲੁ ਮ: ੫–੮੨੨)

ਗੱਲ ਇਥੇ ਮੁਕਦੀ ਹੈ ਜੋ ਗੁਰੂ-ਕਿਰਪਾ ਨਾਲ ਉਸ ਅਦ੍ਰਿਸ਼ਟ ਵਾਹਿਗੁਰੂ ਜੀ ਨੂੰ ਮਨਹੁ ਪਛਾਣ ਲੈਂਦਾ ਹੈ ਕੇਵਲ ਉਸਨੂੰ ਹੀ ਸਾਰੀ ਖੇਲ ਦੀ ਸਮਝ ਆ ਜਾਂਦੀ ਹੈ।

---

# ਆਪਣੇ ਬਾਲਕ ਆਪਿ ਰਖਿਅਨੁ

ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪਣੇ ਸੇਵਕ-ਬੱਚਿਆਂ ਨੂੰ ਸਦਾ ਸਹਾਈ ਹੁੰਦੇ ਹਨ। ਗੁਰੂ ਕੇ ਲਾਲ ਪਿਆਰੇ ਵੀਰ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਨੂੰ ਬੀਤੇ ਦਿਨਾਂ ਵਿਚ ਭਿਆਨਕ ਹਾਦਸਾ ਪੇਸ਼ ਆਇਆ, ਪਰ ਰਖਣਹਾਰ ਸਤਿਗੁਰੂ ਜੀ ਧੰਨ ਧੰਨ ਹਨ ਜਿਨ੍ਹਾਂ ਨੇ ਆਪਣੇ ਬਾਲਕ ਨੂੰ ਹੱਥ ਦੇ ਕੇ ਰਖ ਲਿਆ ਹੈ। ਅਤੇ ਇਉਂ ਪ੍ਰੋਫ਼ੈਸਰ ਜੀ ਨੂੰ ਗੁਰਮਤਿ ਲੇਖਾਂ ਦੀ ਲੜੀ ਲਿਖੀ ਜਾਣ ਦੀ ਸੇਵਾ ਨਿਭਾਉਣ ਦੀ ਬਖਸ਼ਸ਼ ਕੀਤੀ ਹੈ। ਸਾਹਿਬਾਂ ਦਾ ਕੋਟਾਨ ਕੋਟ ਸ਼ੁਕਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਫੁਰਮਾਂਦੇ ਹਨ—

ਆਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥
ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥੧॥ਰਹਾਉ॥
ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥
ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥
ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥
ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥੨॥੧੬॥੮੦॥ (੮੨੦)



www.AKJ.Org

# ਸਾਡੇ ਬੱਚੇ

[ਸ: ਪਰਮਿੰਦਰ ਸਿੰਘ ਖਾਲਸਾ, ਬੀ-1, ੧੧੮੩, ਛਾਉਣੀ ਮਹੱਲਾ, ਲੁਧਿਆਣਾ]

ਇਸ ਗੱਲ ਵਿਚ ਕੋਈ ਅਤਕਥਨੀ ਨਹੀਂ ਕਿ ਸਿਖ ਧਰਮ ਆਪਣੇ ਮਹਾਨ ਇਤਿਹਾਸ ਤੇ ਸਤਿਗੁਰੂ ਸਾਹਿਬਾਨ ਦੇ ਪਵਿਤਰ ਕਲਾਮ ਨੂੰ ਪ੍ਰਚਾਰਨ ਵਿਚ ਅਵੇਸਲਾ ਰਿਹਾ ਹੈ । ਈਸਾਈ ਮਿਸ਼ਨ ਸੰਸਾਰ ਦੇ ਕੋਨੇ ਕੋਨੇ ਤਕ ਪਹੁੰਚਣ ਵਿਚ ਕਾਮਯਾਬੀ ਹਾਸਲ ਕਰ ਚੁਕਾ ਹੈ। ਇਸ ਦੇ ਪਿਛੋਕੜ ਵਲ ਝਾਤ ਮਾਰੀਏ ਤਾਂ ਕੇਵਲ ਇਕ ਈਸਾ ਜੀ ਦੀ ਸ਼ਹਾਦਤ ਦੇ ਸਦਕਾ ਇੰਨਾ ਕੁਝ ਹੋ ਰਿਹਾ ਹੈ। ਪਰ ਉਨ੍ਹਾਂ ਦੇ ਟਾਕਰੇ ਤੇ ਗੁਰੂ ਸਾਹਿਬਾਨ ਅਤੇ ਅਨੇਕਾਂ ਸਿਖ ਸ਼ਹਾਦਤਾਂ ਦੇ ਹੁੰਦਿਆਂ ਸੁੰਦਿਆਂ, ਪ੍ਰਚਾਰ ਪਖੋਂ ਅਸੀਂ ਜ਼ੀਰੋ ਹਾਂ। ਕੋਈ ਵੀ ਐਸਾ ਸਿਤਮ ਅਥਵਾ ਜ਼ੁਲਮ ਨਹੀਂ ਰਹਿ ਗਿਆ, ਜੋ ਸਿਖਾਂ ਨੇ ਨਾ ਜਰਿਆ ਹੋਵੇ।

ਉਹ ਸਮਾਂ ਸੀ ਜਦੋਂ ਸਿਖ ਬੱਚਿਆਂ ਨੂੰ ਸਿੱਖੀ ਦੀ ਗੱਲ ਆਪਣੇ ਮਾਤਾ ਪਿਤਾ ਤੋਂ ਮਿਲਦੀ ਸੀ। ਬਜ਼ੁਰਗ ਦਸਦੇ ਹਨ ਕਿ ਜਦੋਂ ਤਕ ਅਸੀਂ ਜਪੁਜੀ ਦਾ ਪਾਠ ਕਰ ਕੇ ਗੁਰਦੁਆਰੇ ਨਾ ਹੋ ਆਈਏ, ਸਾਡੀ ਮਾਂ ਸਾਨੂੰ ਸਵੇਰ ਦਾ ਨਾਸ਼ਤਾ ਤਕ ਨਹੀਂ ਦੇਂਦੀ ਸੀ। ਅਤੇ ਤੀਜੀ ਜਮਾਤ ਵਿਚ ਪੜ੍ਹਨ ਵਾਲੇ ਬੱਚੇ ਨੂੰ ਜਪੁਜੀ ਦਾ ਪਾਠ ਜ਼ਬਾਨੀ ਯਾਦ ਹੁੰਦਾ ਸੀ। ਪੰਜਵੀਂ ਕਲਾਸ ਦਾ ਬੱਚਾ ਜਪੁਜੀ, ਰਹਿਰਾਸ ਤੇ ਸੋਹਿਲਾ ਆਦਿ ਕਈ ਬਾਣੀਆਂ ਕੰਠ ਕਰ ਚੁਕਾ ਹੁੰਦਾ ਸੀ।

ਅੱਜ ਮਾਤਾ ਪਿਤਾ, ਜੋ ਆਪ ਹੀ ਮਾਦਾ-ਪ੍ਰਸਤੀ ਦੇ ਪ੍ਰਭਾਵ ਹੇਠ ਫ਼ੈਸ਼ਨਾਂ ਅਤੇ ਲੋਕਾਚਾਰੀ ਵਿਚ ਰੁੜ੍ਹੇ ਪਏ ਹਨ, ਬੱਚਿਆਂ ਨੂੰ ਧਰਮ ਦੀ ਗੁੜ੍ਹਤੀ ਦੇਣਾ ਆਪਣਾ ਫ਼ਰਜ਼ ਹੀ ਨਹੀਂ ਸਮਝਦੇ । ਕੁਝ ਕੁ ਛਡ ਕੇ ਬਾਕੀ ਮਾਪਿਆਂ ਦੀ ਹਾਲਤ ਅੱਜ ਇਹ ਹੈ ਕਿ ਸਵੇਰੇ ਮੰਜੇ ਤੋਂ ਉਠਦਿਆਂ ਹੀ ਰਸੋਈ ਜਾਂ ਅਖ਼ਬਾਰ ਵਲ ਝਾਕ ਹੁੰਦੀ ਹੈ। ਇਸ਼ਨਾਨ, ਗੁਰਬਾਣੀ ਦਾ ਪਾਠ, ਪ੍ਰਭੂ ਸਿਮਰਨ ਤਾਂ ਕਿਸੇ ਕੀ ਕਰਨਾ ਹੋਇਆ ?

ਉਹ ਵੀ ਸਮਾਂ ਸੀ ਜਦੋਂ ਮਾਵਾਂ ਆਪਣੇ ਬੱਚਿਆਂ ਨੂੰ ਗੋਦੀ ਵਿਚ ਲੈ ਕੇ 'ਵਾਹਿਗੁਰੂ' 'ਵਾਹਿਗੁਰੂ' ਦੀਆਂ ਲੋਰੀਆਂ ਦੇਂਦੀਆਂ ਸਨ ਅਤੇ ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਸ: ਹਰੀ ਸਿੰਘ ਨਲੂਏ, ਅਕਾਲੀ ਫੂਲਾ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਵਰਗੇ ਜਰਨੈਲਾਂ, ਭਾਈ ਬੋਤਾ ਸਿੰਘ ਗਰਜਾ ਸਿੰਘ ਵਰਗੇ ਨਿਡਰ ਜੋਧਿਆਂ ਅਤੇ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਜਹੇ ਮਹਾਨ ਸ਼ਹੀਦਾਂ ਅਤੇ ਗੁਰੂ ਸਾਹਿਬਾਨ ਦੀਆਂ ਉਚ ਕਰਣੀਆਂ ਦੇ ਕਾਰਨਾਮੇ ਸੁਣਾਇਆ ਕਰਦੀਆਂ ਸਨ।

ਪਰ ਅੱਜ ਦੇ ਸਮੇਂ ਵਿਚ ਫ਼ਿਲਮੀ ਨਾਵਲ, ਫ਼ਿਲਮੀ ਐਕਟਰਾਂ ਤੇ ਕਾਮ-ਵੇਗ ਵਿਚ ਖਚਿਤ ਉਨ੍ਹਾਂ ਦੇ ਜੀਵਨ ਅਤੇ ਆਚਰਨ ਨੂੰ ਬਰਬਾਦ ਕਰਨ ਵਾਲੀਆਂ ਕਹਾਣੀਆਂ ਨਾਲ ਭਰਪੂਰ ਰਸਾਲੇ ਤੇ ਅਖ਼ਬਾਰ, ਘਰਾਂ ਵਿਚ ਆਮ ਟੇਬਲਾਂ ਤੇ ਪਏ ਹੋਏ ਨਜ਼ਰ ਆਉਂਦੇ ਹਨ। ਇਸ ਲੱਚਰ ਤੇ ਗੰਦੇ ਸਾਹਿਤ ਨੂੰ ਪੜ੍ਹ, ਸੁਣ ਤੇ ਵੇਖ ਕੇ ਬੱਚਿਆਂ ਨੇ ਉਹੋ ਕੁਝ ਬਣਨਾ ਹੈ, ਜੋ ਇਨ੍ਹਾਂ ਵਿਚ ਦਰਜ ਹੈ। ਅੱਜ ਬੱਚਿਆਂ ਨੂੰ 'ਵਾਹਿਗੁਰੂ' ਦੀਆਂ ਲੋਰੀਆਂ ਦੀ ਥਾਂ ਭੂਤਾਂ ਪ੍ਰੇਤਾਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਬੱਚੇ, ਮਾਨਸਿਕ ਪਖੋਂ ਹਮੇਸ਼ਾ ਡਰਪੋਕ ਤੇ ਸੜੀਅਲ ਸੁਭਾਅ ਦੇ ਹੀ ਬਣਦੇ ਹਨ। ਅਜਿਹੇ ਬੱਚੇ ਸਮਾਜ ਤੇ ਧਰਮ ਲਈ ਕੰਡੇ ਹੀ ਬੀਜਣਗੇ।

ਮਾਂ ਬਾਪ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਸੁਘੜ ਅਧਿਆਪਕ, ਕਾਮਯਾਬ ਡਾਕਟਰ, ਚੰਗਾ ਵਪਾਰੀ ਜਾਂ ਕਾਰਖ਼ਾਨੇਦਾਰ ਤਾਂ ਬਣਾਉਣਾ ਚਾਹੁੰਦੇ ਹਨ, ਪਰ ਇਹ ਕਿਉਂ ਨਹੀਂ ਸੋਚਦੇ ਕਿ ਇਹ ਸਭ ਕੁਝ ਹੁੰਦਿਆਂ ਸਾਡਾ ਬੱਚਾ ਇਕ ਚੰਗਾ ਗੁਰਸਿਖ ਵੀ ਬਣੇ। ਸਾਡੇ ਬੱਚੇ ਸਿਖ ਕੌਮ ਦੀ ਪੂੰਜੀ ਹਨ ਅਤੇ ਮਾਪਿਆਂ ਦੁਆਰਾ ਦਿਤੀ ਗਈ ਸਿੱਖੀ ਰੰਗਣ ਹੀ ਫਲੀਭੂਤ ਹੋ ਸਕਦੀ ਹੈ । ਸਿਖੀ ਰੰਗਣ ਵਿਚ ਰੰਗੇ ਹੋਏ ਬੱਚੇ ਜਿਥੇ ਮਾਂ



www.AKJ.Org

ਬਾਪ ਦੇ ਆਗਿਆਕਾਰੀ ਹੋਣਗੇ ਉਥੇ ਸਮਾਜ ਵਿਚ ਵੀ ਉਹ ਚੰਗਾ ਸਥਾਨ ਬਣਾ ਸਕਦੇ ਹਨ।

ਅੱਜ ਮਾਪਿਆਂ ਦੀ ਆਮ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਕਹਿਣ ਅਨੁਸਾਰ ਨਹੀਂ ਚਲਦੇ ਜਾਂ ਬੋਲ-ਕੁਬੋਲ ਬੋਲਦੇ ਹਨ। ਇਸ ਦਾ ਦੋਸ਼ ਸਿਧੇ ਤੌਰ ਤੇ ਬੱਚਿਆਂ ਤੇ ਨਹੀਂ ਆਉਂਦਾ। ਗਹੁ ਨਾਲ ਵੇਖੀਏ ਤਾਂ ਇਸ ਬਿਮਾਰੀ ਦਾ ਮੂਲ ਕਾਰਨ ਸਾਹਮਣੇ ਆ ਜਾਂਦਾ ਹੈ ਕਿ ਅਸੀਂ ਮੁਢ ਤੋਂ ਆਪਣੇ ਬੱਚਿਆਂ ਨੂੰ ਧਾਰਮਿਕ ਸਿਖਿਆ ਦੇਣ ਵਲੋਂ ਅਵੇਸਲੇ ਹੋ ਰਹੇ ਹਾਂ।

ਕਿਸੇ ਸਮੇਂ ਸਕੂਲਾਂ ਕਾਲਜਾਂ ਵਿਚ ਧਰਮ ਦੀ ਜਾਣਕਾਰੀ ਦਿਤੀ ਜਾਂਦੀ ਸੀ, ਖਾਸ ਕਰ ਕੇ ਖਾਲਸਾ ਸਕੂਲਾਂ ਤੇ ਕਾਲਜਾਂ ਦਾ ਉਦੇਸ਼ ਹੀ ਇਹੋ ਸੀ। ਕਈ ਬੱਚੇ ਇਨ੍ਹਾਂ ਸੰਸਥਾਵਾਂ ਵਿਚੋਂ ਪੜ੍ਹ ਕੇ ਨਿਤਨੇਮੀ, ਉਚੇ ਆਚਰਨ ਵਾਲੇ ਤੇ ਅੰਮ੍ਰਿਤਧਾਰੀ ਤਿਆਰ ਹੋ ਕੇ ਸਿੱਖੀ ਜੀਵਨ ਨੂੰ ਚਾਰ ਚੰਨ ਲਾਉਂਦੇ ਰਹੇ। ਇਸ ਦਾ ਮੁਖ ਕਾਰਨ ਇਹ ਸੀ ਕਿ ਧਾਰਮਿਕ ਟੀਚਰ ਆਪ ਉਚੇ ਸੁਚੇ ਅਮਲੀ ਜੀਵਨ ਵਾਲੇ ਹੋਇਆ ਕਰਦੇ ਸਨ।

ਪਰ ਅਜ ਆਮ ਕਰਕੇ ਖਾਲਸਾ ਸਕੂਲਾਂ ਜਾਂ ਕਾਲਜਾਂ ਵਿਚ ਟੀਚਰ ਆਪ ਪਤਿਤ ਅਤੇ ਸ਼ਰਾਬੀ ਕਬਾਬੀ ਵੇਖੇ ਜਾਂਦੇ ਹਨ। ਧਾਰਮਿਕ ਪੀਰੀਅਡ ਨੂੰ ਕੋਈ ਅਹਿਮੀਅਤ ਹੀ ਨਹੀਂ ਦਿਤੀ ਜਾਂਦੀ। ਮੈਂ ਇਕ ਵਾਰ ਖਾਲਸਾ ਕਾਲਜ ਗਿਆ ਤਾਂ ਮੈਨੂੰ ਵਿਦਿਆਰਥੀ ਕਾਲਜ-ਕੈਂਟੀਨ ਦੇ ਪਿਛਵਾੜੇ ਲੈ ਗਏ, ਜਿਥੇ ਪੰਜਾਬੀ ਤੇ ਅੰਗਰੇਜ਼ੀ ਵਿਚ ਲਿਖਿਆ ਸੀ, 'ਸਿਖ ਸਮੋਕਿੰਗ ਸੈਂਟਰ'। ਅਤੇ ਉਥੇ ਕੁਝ ਕੁ ਨਿਰਲਜ ਸਿਖ ਵਿਦਿਆਰਥੀ ਖੁਲ੍ਹੇ ਡੁਲ੍ਹੇ ਤੌਰ ਤੇ ਬੈਠੇ ਸਿਗਰਟਾਂ ਵਗੈਰਾ ਪੀ ਰਹੇ ਸਨ। ਇਕ ਸਰਵੇਖਣ ਅਨੁਸਾਰ ਖਾਲਸਾ ਕਾਲਜਾਂ ਦੇ ੫੦ ਫ਼ੀ ਸਦੀ ਵਿਦਿਆਰਥੀ ਨਸ਼ੇ ਕਰਦੇ ਹਨ ਅਤੇ ਪਤਿਤ ਹਨ।

ਗੁਰਦੁਆਰਿਆਂ ਵਿਚ ਵੀ ਸਿਖੀ ਪ੍ਰਚਾਰਨ ਦਾ ਚੰਗਾ ਉਦਮ ਹੁੰਦਾ ਆਇਆ ਹੈ। ਹਰੇਕ ਗੁਰਦੁਆਰੇ ਵਿਚ ਬੱਚਿਆਂ ਨੂੰ ਰੋਜ਼ਾਨਾ ਵਖਰੇ ਤੌਰ ਤੇ ਗੁਰਬਾਣੀ ਦਾ ਪਾਠ ਸਿਖਾਇਆ ਜਾਂਦਾ ਅਤੇ ਸਿਖ ਇਤਿਹਾਸ ਸੁਣਾਇਆ ਪੜ੍ਹਾਇਆ ਜਾਂਦਾ ਸੀ। ਪਰ ਅੱਜ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੀਆਂ ਧੜੇ-ਬਾਜ਼ੀਆਂ ਅਤੇ ਲੜਾਈਆਂ, ਗ੍ਰੰਥੀਆਂ ਰਾਗੀਆਂ ਦੀ ਖਿਚੋਤਾਣ ਤੇ ਬੇਹੁਦਰਾਪਣ, ਮਾੜੇ ਆਚਰਨ, ਗੋਲਕ ਦੀ ਲੜਾਈ ਆਦਿ, ਇਹ ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਨੂੰ ਵੇਖ ਕੇ ਸਾਡੇ ਨੌਜੁਆਨ ਬੱਚੇ ਸਿੱਖੀ ਤੋਂ ਮੂੰਹ ਮੋੜੀ ਜਾ ਰਹੇ ਹਨ। ਅਜ ਆਮ ਵੇਖਣ ਵਿਚ ਆ ਰਿਹਾ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧਕਾਂ, ਗ੍ਰੰਥੀਆਂ, ਰਾਗੀਆਂ, ਪ੍ਰਚਾਰਕਾਂ ਆਦਿ ਦੇ ਆਪਣੇ ਜੀਵਨ ਸਿੱਖੀ ਅਨੁਸਾਰ ਨਹੀਂ, ਜਿਵੇਂ ਕਿ ਉਨ੍ਹਾਂ ਲਈ ਅੰਮ੍ਰਿਤ ਵੇਲੇ ਉਠਣਾ, ਨਿਤਨੇਮ ਕਰਨਾ ਤੇ ਸਾਧ ਸੰਗਤ ਵਿਚ ਜੁੜ ਬੈਠਣਾ ਜ਼ਰੂਰੀ ਹੀ ਨਹੀਂ ਹੁੰਦਾ। ਕਈ ਥਾਈਂ ਤਾਂ ਗੁਰ-ਅਸਥਾਨਾਂ ਵਿਚ ਰਹਿ ਰਹੇ ਰਾਗੀ ਗ੍ਰੰਥੀ ਆਦਿ ਸਿਖੀ ਮਰਯਾਦਾ ਵਿਚ ਪਰਪੱਕ ਹੋਣ ਦੀ ਥਾਂ, ਸਿਖ ਨੌਜਵਾਨਾਂ ਨੂੰ ਗੁਮਰਾਹ ਕਰਦੇ ਹਨ ਅਤੇ ਆਪਣੀ ਚੌਧਰ ਦੀ ਹਵਸ ਪੂਰੀ ਕਰਨ ਲਈ ਕਈ ਤਰ੍ਹਾਂ ਦੀਆਂ ਸਭਾ-ਸੁਸਾਇਟੀਆਂ ਆਦਿ ਬਣਾਈ ਫਿਰਦੇ ਹਨ। ਅਜਿਹੇ ਕਈ ਰਾਗੀ ਭੱਦਰ ਪੁਰਸ਼ ਸਿਨਮੇ-ਘਰਾਂ ਵਿਚ ਜਾ ਕੇ ਸਿੱਖੀ ਦਾ ਜਲੂਸ ਕਢਣ ਤੋਂ ਵੀ ਬਾਜ਼ ਨਹੀਂ ਆਉਂਦੇ। ਟੈਲੀਵੀਯਨ ਤੇ ਫ਼ਿਲਮਾਂ ਵੇਖਣੀਆਂ ਤਾਂ ਸਧਾਰਨ ਗੱਲ ਹੋ ਗਈ ਹੈ, ਜੋ ਸਿਖੀ ਜੀਵਨ ਦਾ ਸਤਿਆਨਾਸ ਕਰ ਰਹੀਆਂ ਹਨ। ਕਈ ਰਾਗੀ ਪ੍ਰਚਾਰਕ ਤਾਂ ਅਫ਼ੀਮ, ਭੰਗ ਤੇ ਸ਼ਰਾਬ ਆਦਿ ਨਸ਼ੇ ਸੇਵਨ ਕਰਦੇ ਵੀ ਵੇਖਣ ਸੁਣਨ ਵਿਚ ਆਉਂਦੇ ਹਨ। ਅਜਿਹੇ ਰਾਗੀਆਂ ਪ੍ਰਚਾਰਕਾਂ ਪਾਸੋਂ ਸਿਖੀ ਪ੍ਰਚਾਰ ਦੀ ਕੀ ਆਸ-ਉਮੀਦ ਰਖੀ ਜਾ ਸਕਦੀ ਹੈ?

ਸਮੇਂ ਦੀ ਪੁਰਜ਼ੋਰ ਮੰਗ ਹੈ ਕਿ ਸਿੱਖੀ ਦੇ ਕੇਂਦਰਾਂ, ਸਾਡੇ ਘਰਾਂ, ਗੁਰਦੁਆਰਿਆਂ, ਅਤੇ ਖਾਲਸਾ ਸਕੂਲਾਂ ਤੇ ਕਾਲਜਾਂ ਵਿਚੋਂ ਸਿਖੀ ਪ੍ਰਚਾਰ ਦੀ ਲਹਿਰ ਸਹੀ ਰੂਪ ਵਿਚ ਜਾਗਰਤ ਹੋਵੇ, ਤਾਂ ਹੀ ਸਾਡੇ ਬੱਚੇ ਤੇ ਨੌਜਵਾਨ ਗੁਰਸਿਖੀ ਅਸੂਲਾਂ ਨੂੰ ਅਪਨਾਉਣ ਦੇ ਆਹਰੇ ਲਗ ਸਕਦੇ ਹਨ। ਗੁਰਸਿਖੀ ਜੀਵਨ ਤੇ ਰਹਿਤ-ਰਹਿਣੀ ਵਾਲੇ ਬੱਚੇ ਹੀ ਕੌਮ ਦੇ ਭਵਿਖ ਨੂੰ ਰੌਸ਼ਨ ਕਰ ਸਕਦੇ ਹਨ।



www.AKJ.Org

## ਲੜਕੀਆਂ ਨੂੰ ਧਾਰਮਿਕ ਵਿਦਿਆ ਦੀ ਘਾਟ ਕਾਰਨ

# ਬੱਚਿਆਂ ਵਿਚ ਨਾਸਤਕਤਾ

[ਵਲੋਂ :—ਗਿ: ਗੋਪਾਲ ਸਿੰਘ ਜੀ ਮਿਤਰ]

ਅੱਜ ਦੇ ਜ਼ਮਾਨੇ ਵਿਚ ਸਿੱਖ ਕੌਮ ਵਲੋਂ ਲੜਕੀਆਂ ਨੂੰ ਧਾਰਮਿਕ ਵਿਦਿਆ ਦੇਣ ਦੇ ਪੱਖ ਤੋਂ ਬਹੁਤ ਕਮਜ਼ੋਰੀ ਦਿਖਾਈ ਜਾ ਰਹੀ ਹੈ। ਲੜਕਿਆਂ ਨੂੰ ਵੀ ਜਿੱਥੇ ਸਕੂਲੀ ਵਿਦਿਆ ਦੇਣ ਲਈ ਸਾਰੇ ਸਾਧਨ ਜੁਟਾਏ ਜਾਂਦੇ ਹਨ ਉੱਥੇ ਧਾਰਮਕ ਵਿਦਿਆ ਦੇਣ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ ਜਾ ਰਿਹਾ। ਖਾਸ ਕਰਕੇ ਲੜਕੀਆਂ ਨੂੰ ਤਾਂ ਧਰਮ ਸੰਬੰਧੀ ਸਿਖਿਆ ਦੇਣ ਲਈ ਕੌਮ ਬੇ-ਖ਼ਬਰ ਹੈ।

ਲੜਕੀ ਨੂੰ ਬੀ. ਏ, ਐਮ. ਏ, ਡਬਲ ਐਮ. ਏ. ਕਰਵਾ ਕੇ ਤੇ ਹੋਰ ਟ੍ਰੇਨਿੰਗ ਦੇ ਕੇ ਪ੍ਰੋਫੈਸਰ ਲੈਕਚਰਾਰ ਜਾ ਪ੍ਰਿੰਸੀਪਲ ਆਦਿ ਬਣਾ ਕੇ ਮਾਇਆ-ਪ੍ਰਾਪਤੀ ਦੇ ਜਤਨ ਕੀਤੇ ਜਾ ਰਹੇ ਹਨ, ਪਰ ਧਾਰਮਕ ਵਿਦਿਆ ਵਲੋਂ ਅਵੇਸਲਾ-ਪਣ, ਨਾ ਜਾਣੇ ਕਿਉਂ ਮਾਪਿਆਂ ਦੇ ਹਿਰਦੇ ਵਿਚ ਘਰ ਕਰ ਗਿਆ ਹੈ।

ਅੱਜ ਦੀਆਂ ਬੱਚੀਆਂ, ਜਿਨ੍ਹਾਂ ਨੇ ਕਲ੍ਹ ਮਾਤਾਵਾਂ ਦਾ ਰੋਲ ਅਦਾ ਕਰਨਾ ਹੈ, ਜੇਕਰ ਇਸੇ ਲਾਪਰਵਾਹੀ ਦਾ ਸ਼ਿਕਾਰ ਹੁੰਦੀਆ ਰਹੀਆਂ ਤਾਂ ਕੌਮ ਦੀ ਬੇੜੀ ਲਹਿਰਾਂਦ ਥਪੇੜਿਆਂ ਵਿਚ ਹੀ ਗੁਆਚ ਜਾਵੇਗੀ।

ਮੈਨੂੰ ਸਾਲ ੧੯੮੨ ਅਪ੍ਰੈਲ ਦੇ ਮਹੀਨੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਸਮੇਂ ਸ਼ਹੀਦ ਸਿਖ ਮਿਸ਼ਨਰੀ ਕਾਲਜ ਪੁਤਲੀ ਘਰ ਅੰਮ੍ਰਿਤਸਰ ਵਿਚ ਜਾਣ ਦਾ ਅਵਸਰ ਪ੍ਰਾਪਤ ਹੋਇਆ, ਕੋਈ ਵੀ ਲੜਕੀ* ਪਰਚਾਰਕ-ਕਲਾਸ ਵਿਚ ਸਿਖਿਆ ਪ੍ਰਾਪਤ ਕਰਦੀ ਮੈਨੂੰ ਨਜ਼ਰ ਨਹੀਂ ਆਈ। ਕਾਰਨ ਇਹੀ ਹੈ ਕਿ ਸਿਖ ਮਾਪਿਆਂ ਦੀ, ਬੱਚੀਆਂ ਨੂੰ ਗੁਰਮਤਿ ਰਾਹ ਤੇ ਟੋਰਨ ਦੀ ਇੱਛਾ ਹੀ ਨਹੀਂ। ਧਾਰਮਕ ਵਿਚਾਰ-ਧਾਰਾ ਨੂੰ ਤਾਂ ਅੱਜ ਕਲ੍ਹ ਮੈਲੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਇਹੋ ਖ਼ਿਆਲ ਹੀ ਕੌਮ ਦੀ ਪਲ ਰਹੀ ਫੁਲਵਾੜੀ ਉੱਤੇ ਨਾਸਤਕਤਾ ਦੀ ਗੜੇ-ਮਾਰ ਕਰਦਾ ਕੌਮ ਦੀ ਪਨੀਰੀ ਨੂੰ ਮਨਮੁਖਤਾ ਵਲ ਪ੍ਰੇਰ ਰਿਹਾ ਹੈ।

ਬੱਚੇ ਦੇ ਭਵਿੱਖ ਨੂੰ ਬਨਾਣ ਦੇ ਪੱਖ ਵਿਚ ਜਿਤਨਾ ਮਾਤਾ ਦਾ ਹੱਥ ਹੈ ਇਤਨਾ ਪਿਤਾ ਦਾ ਨਹੀਂ। ਪਿਤਾ ਨੇ ਘਰੋਗੀ ਜ਼ਿਮੇਦਾਰੀਆਂ ਨਿਭਾਣ ਲਈ ਫਿਰ ਤੁਰ ਕੇ ਪੇਟ-ਪੂਰਤੀ ਦੇ ਸਾਧਨ ਅਪਣਾਉਣੇ ਹਨ। ਮਾਤਾ ਨੇ ਘਰ ਦੀ ਸੰਭਾਲ ਕਰਨੀ ਤੇ ਬੱਚਿਆਂ ਦੇ ਪਾਲਨ ਪੋਸ਼ਨ ਵਿਦਿਆ ਆਦਿ ਵਲ ਧਿਆਨ ਦੇਣਾ ਹੈ। ਜੇ ਮਾਂ ਹੀ ਧਾਰਮਕ ਵਿਚਾਰਧਾਰਾ ਤੋਂ ਅਗਿਆਤ ਹੈ ਤਾਂ ਬੱਚਿਆਂ ਵਿਚ ਧਾਰਮਕ ਜਜ਼ਬਾ ਪੈਦਾ ਹੋਣ ਦੀ ਆਸ ਕਿਥੋਂ ਰਖੀ ਜਾ ਸਕਦੀ ਹੈ।

ਇਹ ਕਹਿਣੋਂ ਵੀ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਸਾਡੀ ਕੌਮ ਵਲੋਂ ਚਲ ਰਹੇ ਪ੍ਰਾਇਮਰੀ, ਮਿਡਲ, ਹਾਈ ਸਕੂਲਾਂ ਕਾਲਜਾਂ ਵਿਚ ਉਂਗਲੀਆਂ ਤੇ ਗਿਣੇ ਜਾਣ ਵਾਲੇ ਹੀ ਮਾਸਟਰ, ਪ੍ਰੋਫੈਸਰ, ਲੈਕਚਰਾਰ ਪੂਰਨ ਗੁਰਮਤਿ ਜਾਣਕਾਰੀ ਤੋਂ ਨਿਪੁੰਨ ਹਨ। ਗੁਰਮਤਿ ਤੋਂ ਕੋਰੇ ਟੀਚਰ ਕਿਤਨਾ ਕੁ ਬੱਚਿਆਂ ਨੂੰ ਧਾਰਮਕ ਵਿਚਾਰਧਾਰਾ ਦੀ ਰਾਸੀ ਨਾਲ ਮਾਲਾ ਮਾਲ ਕਰ ਸਕਣਗੇ, ਜਦ ਕਿ ਉਨ੍ਹਾਂ ਕੋਲ ਭਰਵਾਂ ਖ਼ਜ਼ਾਨਾ ਹੀ ਨਹੀਂ।

ਹਰ ਕਸਬੇ, ਸ਼ਹਿਰ ਵਿਚ ਗੁਰਮਤਿ ਮਿਸ਼ਨਰੀ ਅਦਾਰ ਖੋਲ੍ਹ ਕੇ ਥੋੜਾ ਬਹੁਤਾ ਸਮਾਂ ਰੋਜ਼ਾਨਾ ਬੱਚਿਆਂ ਨੂੰ ਗੁਰਮਤਿ ਜਾਣਕਾਰੀ ਦੇਣ ਦੀ ਚਲਾਈ ਜਾਵੇ ਜਾਂ ਸੰਡੇ (ਐਤਵਾਰੀ) ਸਕੂਲ ਖੋਲ੍ਹ ਕੇ ਬੱਚਿਆਂ ਨੂੰ ਧਾਰਮਕ ਵਿਦਿਆ ਦਿਤੀ ਜਾਵੇ। ਉਦਮ ਦੀ ਲੋੜ ਹੈ, ਪਿੰਡਾਂ ਸ਼ਹਿਰਾਂ ਵਿਚ ਗੁਰਮਤਿ ਜਾਣਕਾਰੀ ਵਾਲੇ ਗੁਰਸਿਖ ਰੀਟਾਇਰਡ, ਪੈਨਸ਼ਨਰ ਆਦਿ ਮਿਲ ਸਕਦੇ ਹਨ। ਉਨ੍ਹਾਂ ਨੂੰ ਗੁਜ਼ਾਰਾ ਅੱਲਾਉਂਸ ਦੇ ਕੇ ਇਸ ਪਰਉਪਕਾਰ ਵਲ ਲਾਇਆ ਜਾ ਸਕਦਾ ਹੈ। ਵਿਸ਼ੇਸ਼ ਕਰ ਕੇ ਲੜਕੀਆਂ ਨੂੰ ਇਸ ਕੌਮੀ ਵਿਰਸੇ ਦੀ ਸੰਭਾਲ ਲਈ ਵਧੇਰੇ ਤਿਆਰ ਕਰਨ ਦੀ ਲੋੜ ਹੈ। ਉਨ੍ਹਾਂ ਨੇ ਗੁਰਬਾਣੀ ਤੇ ਗੁਰ-ਇਤਿਹਾਸ ਦੀ ਜਾਣਕਾਰੀ ਨਾਲ ਭਰਪੂਰ ਹੋ ਕੇ ਆਪਣਾ ਤੇ ਆਪਣੀ ਪਨੀਰੀ ਦਾ ਕੁਝ ਸਵਾਰਨਾ ਹੈ।

*ਲੜਕੀਆ ਲਈ ਪਰਚਾਰਕ ਕਲਾਸਾਂ ਵਖਰੀਆਂ ਹੀ ਖੋਲ੍ਹੀਆਂ ਜਾ ਸਕਦੀਆਂ ਹਨ। —ਸੰਪਾਦਕ



www.AKJ.Org

# ਸਗਲ ਸੰਗਿ ਹਮ ਕੋ ਬਨਿ ਆਈ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਲੰਡਨ ਐਸ. ਈ. ੧੦, ਸੰਨ ੧੯੬੫–

ਇਹ ਵਾਕਿਆ ਸੰਨ ੧੯੬੫ ਦਾ ਹੈ। ਭਾਰਤ ਤੇ ਪਾਕਿਸਤਾਨ ਵਿਚ ਘਮਸਾਣ ਦਾ ਜੰਗ ਮਚਿਆ ਹੋਇਆ ਸੀ। ਦੋਵੇਂ ਦੇਸ਼ਾਂ ਨੇ ਇਕ ਦੂਸਰੇ ਨੂੰ ਮੁਕੰਮਲ ਤੌਰ ਤੇ ਤਬਾਹ ਤੇ ਬਰਬਾਦ ਕਰ ਦੇਣ ਵਾਸਤੇ ਆਪੋ ਆਪਣੀਆਂ ਸ਼ਕਤੀਸ਼ਾਲੀ ਫੌਜਾਂ ਜੰਗ ਦੇ ਮੈਦਾਨ ਵਿਚ ਝੋਂਕ ਦਿਤੀਆਂ ਸਨ। ਬੇਸ਼ੁਮਾਰ ਫੌਜੀ ਤੇ ਸਿਵਲੀਅਨ ਇਸ ਮੂਜ਼ੀ ਜੰਗ ਦਾ ਸ਼ਿਕਾਰ ਹੋ ਰਹੇ ਸਨ ਤੇ ਅਤਿ ਭਿਅੰਕਰ ਤਬਾਹੀ ਮੱਚੀ ਹੋਈ ਸੀ। ਜ਼ਮੀਨ ਤੇ ਦੇਵ-ਦਾਨਵ ਟੈਂਕ ਗੜਗੜਾਉਂਦੇ, ਤੋਪਖ਼ਾਨੇ ਦਨਦਨਾਉਂਦੇ, ਗੋਲੇ ਬਰਸਾਉਂਦੇ ਤੇ ਪਰਲੋ ਮਚਾਉਂਦੇ ਸਨ। ਅਕਾਸ਼ ਤੋਂ ਬੰਬਾਰ ਹੌਲਨਾਕ ਬੰਬ ਬਰਸਾਉਂਦੇ, ਫੌਜੀ ਟਿਕਾਣਿਆਂ ਤੇ ਸ਼ਹਿਰਾਂ ਨੂੰ ਜਲਾਉਂਦੇ ਤੇ ਖ਼ਾਕ ਵਿਚ ਮਿਲਾਉਂਦੇ ਜਾ ਰਹੇ ਸਨ। ਇਸ ਪਰਚੰਡ ਅਗਨੀ ਦੇ ਚੰਗਿਆੜੇ ਵਲਾਇਤ ਵਿਚ ਰਹਿੰਦਿਆਂ ਸਾਡੇ ਭਾਰਤੀਆਂ ਤੇ ਪਾਕਿਸਤਾਨੀਆਂ ਦੇ ਦਿਲਾਂ ਅੰਦਰ ਵੀ ਪਰਸਪਰ ਨਫ਼ਰਤ ਤੇ ਅਦਾਵਤ ਦੇ ਜਜ਼ਬਾਤ ਭੜਕਾਉਂਦੇ ਜਾ ਰਹੇ ਸਨ।

ਮੈਂ ਉਹਨੀਂ ਦਿਨੀਂ ਆਪਣੇ ਨੌਜਵਾਨ, ਦਲੇਰ ਤੇ ਮਨਚਲੇ ਲੜਕੇ ਅਤੇ ਇਕ ਜਿਗਰੀ ਦੋਸਤ ਨਾਲ ਲੰਡਨ ਐਸ. ਈ. ੧੦ ਵਿਚ, ਇਕ ਸਿਖ ਲੈਂਡਲਾਰਡ ਦੇ ਮਕਾਨ ਵਿਚ ਕਿਰਾਏ ਤੇ ਦੋ ਕਮਰੇ ਲੈ ਕੇ ਰਹਿ ਰਿਹਾ ਸਾਂ। ਇਸ ਮਕਾਨ ਦੇ ਉਪਰਲੇ ਕਮਰੇ ਵਿਚ ਦੋ ਨੌਜਵਾਨ ਪਠਾਣ ਭਾਈ ਵੀ ਪਹਿਲਾਂ ਦੇ ਕਿਰਾਏਦਾਰ ਵੱਸਦੇ ਸਨ। ਵਡਾ ਭਰਾ ਬੜਾ ਹੀ ਅਭਿਮਾਨੀ, ਹਟਾ ਕਟਾ, ਤੇਜ ਮਜ਼ਾਜ, ਮੁਤਅਸਬੀ ਪਾਕਿਸਤਾਨੀ ਜ਼ਹਿਨੀਅਤ ਦਾ ਸੌ ਫ਼ੀ ਸਦੀ ਪੱਕਾ ਪਠਾਣ ਸੀ, ਪਰ ਛੋਟਾ ਭਾਈ ਜੁਸੇ ਤੋਂ ਤਕੜਾ ਪਰ ਦਿਲ ਦਾ ਸਾਫ, ਸ਼ਰਮਾਊ, ਮਿਠ-ਬੋਲੜਾ ਤੇ ਪੂਰਾ ਪੂਰਾ ਮਿਲਵਰਤਨੀ ਸੀ ਤੇ ਅਜੇ ਨਵਾਂ ਨਵਾਂ ਹੀ ਵਤਨੋਂ ਏਥੇ ਆਇਆ ਸੀ।

ਭਾਰਤੀਆਂ ਤੇ ਪਾਕੀਆਂ ਵਿਚ ਜ਼ਬਰਦਸਤ ਕਸ਼ਮਕਸ਼ ਚਲ ਰਹੀ ਸੀ। ਉਹ ਇਕ ਦੂਸਰੇ ਦੀ ਹੋਂਦ ਨੂੰ ਬਰਦਾਸ਼ਤ ਹੀ ਨਹੀਂ ਕਰ ਪਾ ਰਹੇ ਸਨ। ਦਿਲਾਂ ਵਿਚ ਨਫਰਤ, ਨਜ਼ਰਾਂ ਵਿਚ ਹਿਕਾਰਤ ਤੇ ਸੀਨਿਆਂ ਵਿਚ ਕਦੂਰਤ ਭਰੀ ਪਈ ਸੀ। ਭਾਰਤ ਤੇ ਪਾਕ ਵਿਚ ਗਰਮ, ਪਰ ਏਥੇ ਠੰਡੀ ਜੰਗ ਛਿੜੀ ਹੋਈ ਸੀ, ਪਰ ਦੇਸ ਬੇਗਾਨਾ ਹੋਣ ਕਰਕੇ ਦਿਲਾਂ ਦੇ ਗ਼ੁਬਾਰ ਸਿਰਫ ਜਲੂਸ ਕਢਣ, ਪਰਸਪਰ ਨਫ਼ਰਤ ਦਾ ਪਰਚਾਰ ਕਰਨ ਤੇ ਕਾਨੂੰਨ ਦੀ ਹੱਦ ਅੰਦਰ ਰਹਿ ਕੇ ਵੱਧ ਤੋਂ ਵਧ ਨੁਕਸਾਨ ਵਿਰੋਧੀ ਨੂੰ ਪਹੁੰਚਾ ਸਕਣ ਤੋਂ ਸਿਵਾ ਹੋਰ ਕੁਛ ਵੀ ਨਹੀਂ ਕਰ ਸਕਦੇ ਸਨ। ਵੱਡਾ ਖ਼ਾਨ ਤੇ ਮੇਰਾ ਜਵਾਨ ਪੁੱਤਰ ਸਾਂਭਿਆਂ ਵੀ ਨਹੀਂ ਸੰਭਲਦੇ ਸਨ, ਬੜੀ ਮੁਸ਼ਕਲ ਨਾਲ ਦਿਨ-ਕਟੀ ਕਰ ਰਹੇ ਸਾਂ।

ਹਾਲਾਤ ਤੋਂ ਪ੍ਰਭਾਵਤ ਹੋ ਕੇ ਸਾਡੇ ਤੇ ਪਠਾਣ ਭਰਾਵਾਂ ਵਿਚ ਪਹਿਲੇ ਤਾਂ ਸਾਹਿਬ ਸਲਾਮ ਤੇ ਫਿਰ ਪੜੋਸੀ-ਪੁਣੇ ਦੀ ਸਾਂਝ ਹੀ ਖ਼ਤਮ ਹੋ ਗਈ ਤੇ ਫਿਰ ਤਲਖ਼-ਕਲਾਮੀ ਤੇ ਹਥੋ-ਪਾਈ ਤੱਕ ਵੀ ਨੌਬਤ ਪੁੱਜ ਗਈ। ਵਾਧਾ ਹਮੇਸ਼ਾ ਵੱਡੇ ਪਠਾਣ ਭਾਈ ਵਲੋਂ ਹੀ ਹੁੰਦਾ। ਉਹ ਵੇਲੇ ਕੁਵੇਲੇ ਦੋ ਚਾਰ ਆਪਣੇ ਜਿਹੇ ਜਵਾਨ ਗੁੰਡੇ ਟਾਈਪ ਦੇ ਸਾਥੀਆਂ ਨਾਲ ਆ ਧਮਕਦਾ, ਗੰਦ ਮੰਦ ਬਕਦਾ ਰਹਿੰਦਾ. ਸੁਣ ਕੇ ਮੇਰੇ ਜਵਾਨ ਲੜਕੇ ਦਾ ਖ਼ੂਨ ਖੌਲਦਾ ਤੇ ਉਹ ਵੀ ਨਹਿਲੇ ਦਾ ਜਵਾਬ ਦਹਿਲੇ ਵਿਚ ਦੇਂਦਾ। ਬੜੀ ਮੁਸ਼ਕਲ ਨਾਲ ਗਲ ਪਈ ਲੜਾਈ ਟਲਦੀ ਸੀ। ਮਾਲਕ-ਮਕਾਨ ਨੂੰ ਵੀ ਸ਼ਿਕਾਇਤ ਕੀਤੀ ਗਈ, ਪਰ ਉਹ ਹਾਲਾਤ ਤੋਂ ਮਜਬੂਰ ਸਾਨੂੰ ਦਰ-ਗੁਜ਼ਰ ਕਰਨ ਲਈ ਮਨਾਉਂਦਾ ਤੇ ਪਠਾਣ ਭਰਾਵਾਂ ਨੂੰ ਭੀ ਸਮਝਾਉਂਦਾ ਰਹਿੰਦਾ ਸੀ।

ਇਕ ਸਨਿਚਰਵਾਰ ਕੰਮ ਤੋਂ ਇਕ ਵਜੇ ਫ਼ਾਰਗ਼ ਹੋ ਕੇ ਜਦੋਂ ਅਸੀਂ ਪਿਉ ਪੁੱਤਰ ਤੇ ਮੇਰਾ ਦੋਸਤ ਘਰ ਆਏ ਅਤੇ ਬਾਹਰਲਾ ਦਰ ਖੋਲ੍ਹ ਕੇ ਅੰਦਰ ਦਾਖ਼ਲ ਹੋਏ ਤਾਂ ਗੁਸਲਖ਼ਾਨੇ ਦੀ ਬੱਤੀ ਜਲਦੀ ਦੇਖੀ, ਪਰ ਅੰਦਰੋਂ ਨਹਾਉਣ ਧੋਣ ਦੀ ਬਜਾਇ ਕਿਸੇ ਦੁੱਖੀ ਬੀਮਾਰ ਦੀਆਂ ਸਿਸਕੀਆਂ ਜਿਹੀਆਂ ਸੁਣਾਈ ਦਿਤੀਆਂ, ਜੋ ਕਿ ਕੁਝ



www.AKJ.Org

ਮਿੰਟ ਰਹਿ-ਰਹਿ ਕੇ ਲਗਾਤਾਰ ਸੁਣਾਈ ਦਿਤੀਆਂ। ਅੰਦਰ ਕੌਣ ਕੁਰਾਹ ਰਿਹਾ ਹੈ ? ਇਸਦੀ ਜਾਣਕਾਰੀ ਲਈ ਜਦ ਦਰਵਾਜ਼ਾ ਖਟਖਟਾਇਆ ਗਿਆ, ਤਾਂ ਕੋਈ ਜਵਾਬ ਹੀ ਨਹੀਂ ਆਇਆ। ਸਿਰਫ਼ ਰੁਕ ਰੁਕ ਕੇ ਸਿਸਕੀਆਂ ਤੇ ਕੁਰਾਹਟਾਂ ਹੀ ਸੁਣਨ ਵਿਚ ਆਈਆਂ। ਹੁਣ ਇੰਤਜ਼ਾਰ ਕਰਨਾ ਮੁਸ਼ਕਿਲ ਹੋ ਗਿਆ ਤੇ ਮੇਜ਼ ਤੇ ਚੜ੍ਹ ਕੇ ਸ਼ੀਸ਼ੇ ਰਾਹੀਂ ਦੇਖਿਆ, ਛੋਟਾ ਭਾਈ ਨੰਗੇ ਬਦਨ ਸਿਰਫ਼ ਕੱਛਾ ਪਹਿਨੀ ਪਾਣੀ ਦੇ ਟੱਬ ਵਿਚ ਨੀਮ ਬੇਹੋਸ਼ ਪਿਆ ਹੈ। ਉਸਦਾ ਬਦਨ ਸਖਤ ਸਰਦੀ ਤੇ ਸੀਤ ਯੱਖ ਪਾਣੀ ਕਾਰਨ ਨੀਲਾ ਹੋ ਗਿਆ ਹੈ। ਚੇਹਰੇ ਤੇ ਮੁਰਦੇਹਾਣੀ ਵਰਤ ਗਈ ਹੈ। ਹੁਣ ਕੀ ਕੀਤਾ ਜਾਵੇ ? ਵੱਡਾ ਭਾਈ ਘਰ ਨਹੀਂ। ਜੇ ਅਸੀਂ ਆਪਣੇ ਵਲੋਂ ਕੋਈ ਮੁਨਾਸਬ ਉਪਾਉ ਕਰੀਏ ਤੇ ਫਿਰ ਵੀ ਕੋਈ ਹਬੀ ਨਬੀ ਹੋ ਜਾਵੇ ਤਾਂ ਵੱਡਾ ਮਹਾਂ ਭਾਰਤ ਮਚ ਜਾਏਗਾ। ਸਾਨੂੰ ਦੁਸ਼ਮਣ ਸਮਝ ਕੇ ਸਾਡੀ ਭਲਾਈ ਤੇ ਸਚਾਈ ਤੇ ਇਤਬਾਰ ਕੌਣ ਕਰੇਗਾ ? ਤੇ ਸਾਨੂੰ ਅਵੱਸ਼ ਹੀ ਕਾਤਲ ਗਰਦਾਨਿਆ ਜਾਏਗਾ।

ਇਕ ਪਾਸੇ ਇਹ ਤਲਖ਼ ਹਕੀਕਤ ਤੇ ਦੂਸਰੇ ਪਾਸੇ ਇਨਸਾਨੀਅਤ ਦਾ ਤਕਾਜ਼ਾ ਕਿ ਇਸ ਗਰੀਬ ਦੀ ਜਾਨ ਜ਼ਰੂਰ ਬਚਾਈ ਜਾਵੇ; ਇਹ ਸਾਡਾ ਫ਼ਰਜ਼ ਹੀ ਨਹੀਂ ਬਲਕਿ ਇਕ ਸੱਚੇ ਸਿਖ ਦਾ ਧਰਮ ਵੀ ਹੈ। ਤੇ ਬਹੁਤ ਜਲਦੀ ਇਹ ਫੈਸਲਾ ਕਰ ਕੇ ਮੈਂ ਕੁਝ ਕਰ ਗੁਜਰਨ ਲਈ ਤਿਆਰ ਹੋ ਗਿਆ। ਮਜ਼ਬੂਤ ਤੇ ਨਿਗਰ ਬੂਟਾਂ ਦੀਆਂ ਕੁਝ ਹੀ ਠੋਕਰਾਂ ਨਾਲ ਬਾਥ ਦਾ ਦਰਵਾਜ਼ਾ ਟੁੱਟ ਗਿਆ। ਆਪਣੇ ਲੜਕੇ ਤੇ ਸਾਥੀ ਨਾਲ ਮਿਲ ਕੇ ਲੜਕੇ ਨੂੰ ਟੱਬ ਤੋਂ ਬਾਹਰ ਕਢਿਆ ਤੇ ਉੱਪਰ ਚੜ੍ਹਨ ਲਈ ਪੌੜੀਆਂ ਤੇ ਪੈਰ ਰਖਿਆ ਹੀ ਸੀ ਕਿ ਵੱਡਾ ਭਾਈ ਕੰਮ ਤੋਂ ਵਾਪਸ ਘਰ ਆ ਗਿਆ, ਭਰਾ ਦੀ ਮੰਦੀ ਹਾਲਤ ਦੇਖ ਕੇ ਉਹ ਪਾਗਲ ਜਿਹਾ ਹੋ ਗਿਆ, ਫੁਰਤੀ ਨਾਲ ਝਪਟ ਕੇ ਉਸਨੂੰ ਸਾਡੇ ਹਥੋਂ ਖੋਹਣ ਲੱਗਾ। ਪਤਾ ਨਹੀਂ ਮੇਰੇ ਵਿਚ ਕਿਥੋਂ ਇਤਨਾ ਬਲ ਆ ਗਿਆ ਤੇ ਬੇਹੋਸ਼ ਬੱਚੇ ਲਈ ਪਿਆਰ ਪੈਦਾ ਹੋ ਗਿਆ ਕਿ ਮੈਂ ਵੱਡੇ ਭਾਈ ਨੂੰ ਧੱਕਾ ਦੇ ਕੇ ਪਰ੍ਹਾਂ ਹਟਾ ਦਿਤਾ ਤੇ ਗਰਜ ਕੇ ਉਸ ਨੂੰ ਹੁਕਮ ਦਿਤਾ, "ਐ ਖ਼ਾਨ, ਜਲਦੀ ਸੇ ਜਾਉ ਔਰ ਡਾਕਟਰ ਕੋ ਲੇਕਰ ਆਉ, ਹਮ ਇਸ ਬੱਚੇ ਕੋ ਊਪਰ ਲੇ ਜਾਤੇ ਹੈਂ ਔਰ ਗਰਮ ਕਪੜੇ ਪਹਿਨਾ ਕਰ, ਹੀਟਰ ਜਲਾ ਕਰ ਗਰਮ ਚਾਹ ਪਿਲਾ ਕਰ ਇਸ ਕੀ ਤਾਮੀਰਦਾਰੀ ਕਰਤੇ ਹੈਂ। ਤੁਮ ਜਲਦੀ ਡਾਕਟਰ ਕੋ ਲੇਕਰ ਆਉ।"

ਪਰ ਉਸ ਅੜਬ ਆਕੜਖ਼ਾਨ ਨੇ ਜਵਾਬ ਦਿਤਾ ਕਿ "ਮੈਂ ਇਸ ਕਾ ਬੜਾ ਭਾਈ ਹੂੰ। ਔਰ ਯੇ ਰਿਸ਼ਤੇ ਕਾ ਤਕਾਜ਼ਾ ਹੈ ਕਿ ਮੈਂ ਇਸ ਕੀ ਦੇਖ ਭਾਲ ਕਰੂੰ, ਔਰ ਤਾਮੀਰਦਾਰੀ ਦਾ ਦਮ ਭਰੂੰ। ਆਪ ਅਭੀ ਜਾਉ ਔਰ ਡਾਕਟਰ ਕੋ ਲੇ ਆਉ, ਮੈਂ ਇਸ ਕੋ ਊਪਰ ਲੇ ਜਾ ਕਰ ਸਭ ਇੰਤਜ਼ਾਮ ਕਰੂੰਗਾ।"

ਹੁਣ ਮੇਰੇ ਗੁੱਸੇ ਦੀ ਇੰਤਹਾ ਹੋ ਗਈ। ਮੈਂ ਪੂਰੇ ਦਾਅਵੇ ਤੇ ਜੋਸ਼ ਵਿਚ ਭਰ ਕੇ ਕੜਕਿਆ, "ਖ਼ਾਨ, ਇਸ ਵਕਤ ਇਸ ਬੱਚੇ ਕੀ ਜ਼ਿੰਦਗੀ ਕਾ ਸੁਆਲ ਹੈ, ਰਿਸ਼ਤੇ ਜਤਾਨੇ ਕਾ ਸੁਆਲ ਬਿਲਕੁਲ ਨਹੀਂ। ਤੁਮ ਜਲਦੀ ਸੇ ਜਾ ਕਰ ਡਾਕਟਰ ਕੋ ਲੇ ਆਉ ਮੈਂ ਇਸ ਕੀ ਸੰਭਾਲ ਕਰੂੰਗਾ। ਯੇ ਰਿਸ਼ਤੇ ਨਾਤੇ ਕਾ ਤਕਾਜ਼ਾ ਨਹੀਂ ਬਲਕਿ ਇਨਸਾਨੀਅਤ ਕੀ ਮੰਗ ਹੈ। ਇਨਸਾਨੀਅਤ ਕੇ ਤਕਾਜ਼ੇ ਕੇ ਮੁਤਾਬਕ ਯੇਹ ਬੀਮਾਰ ਬੱਚਾ ਮੇਰਾ ਅਪਣਾ ਬੇਟਾ ਹੈ। ਮੈਂ ਤੁਮਾਰੇ ਬਾਪ ਕੀ ਹੈਸੀਅਤ ਸੇ ਹੁਕਮ ਦੇਤਾ ਹੂੰ, ਜਲਦੀ ਸੇ ਜਾਉ, ਔਰ ਫ਼ੌਰਨ ਡਾਕਟਰ ਕੋ ਲੇ ਕਰ ਆਉ।" ਤੇ ਇਸਦੇ ਨਾਲ ਹੀ ਮੈਂ ਉਸਨੂੰ ਧਕੇ ਮਾਰ ਮਾਰ ਕੇ ਦਰਵਾਜ਼ੇ ਤੋਂ ਬਾਹਰ ਕੱਢ ਦਿਤਾ ਤੇ ਲੜਕੇ ਨੂੰ ਉਪਰ ਲਿਜਾ ਕੇ, ਹੇਠਾਂ ਉੱਪਰ ਕੰਬਲ ਪਾ ਕੇ ਹੀਟਰ ਜਲਾ ਕੇ ਗਰਮ ਗਰਮ ਚਾਹ ਵਿਚ ਬਰਾਂਡੀ ਮਿਲਾ ਕੇ, ਚਮਚਿਆਂ ਰਾਹੀਂ ਪਿਲਾ ਕੇ, ਉਸ ਦਾ ਬਦਨ ਨੱਪ ਘੁੱਟ ਕੇ, ਹਿਲਾ ਜੁਲਾ ਕੇ ਹੋਸ਼ ਵਿਚ ਲੈ ਆਂਦਾ। ਉਸਦਾ ਜੰਮਿਆ ਹੋਇਆ ਖ਼ੂਨ ਦੋਬਾਰਾ ਹਰਕਤ ਕਰਨ ਲੱਗ ਪਿਆ ਤੇ ਅੰਗ ਵੀ ਹਿਲਣ ਲੱਗ ਪਏ ਤੇ ਉਹ ਕੁਝ ਅਬਾ ਤਬਾ ਬਕਣ ਲੱਗ ਪਿਆ ਤੇ ਕੁਝ ਮਿੰਟਾਂ ਬਾਅਦ ਹੀ ਮੁੜ ਖਾਮੋਸ਼ ਹੋ ਕੇ ਸੌਂ ਗਿਆ।

ਇਤਨੇ ਵਿਚ ਵੱਡਾ ਭਾਈ ਡਾਕਟਰ ਨੂੰ ਨਾਲ ਲੈ ਕੇ ਆ ਗਿਆ। ਡਾਕਟਰ ਨੇ ਮਰੀਜ਼ ਨੂੰ ਚੈੱਕ ਕਰ ਕੇ ਕਿਹਾ ਕਿ "ਇਸਨੂੰ ਹੁਣ ਕੋਈ ਖ਼ਤਰਾ ਨਹੀਂ। ਇਸਨੂੰ ਇਹਨਾਂ ਸਿਖਾਂ ਨੇ ਆਪਣੀ ਸੇਵਾ-ਸੰਭਾਲ ਦਵਾਰਾ ਬਚਾਅ



www.AKJ.Org

ਲਿਆ ਹੈ, ਤੇ ਹੁਣ ਕਿਸੇ ਦਵਾਈ ਦੀ ਭੀ ਕੋਈ ਲੋੜ ਨਹੀਂ। ਦੋ ਤਿੰਨ ਘੰਟਿਆਂ ਤਕ ਇਹ ਬਿਲਕੁਲ ਠੀਕ ਹੋ ਜਾਏਗਾ।'' ਤੇ ਡਾਕਟਰ ਦੀ ਬਾਤ ਸੌ ਫ਼ੀ ਸਦੀ ਠੀਕ ਹੀ ਸਾਬਤ ਹੋਈ।

ਅਗਲੇ ਦਿਨ ਐਤਵਾਰ ਨੂੰ ਠੀਕ ਵਜੇ ਨੌਂ ਸਵੇਰੇ ਦੋਨੋਂ ਭਾਈ ਸਾਡੇ ਕਮਰੇ ਵਿਚ ਆਏ। ਦੋਹਾਂ ਦੀਆਂ ਨਜ਼ਰਾਂ ਵਿਚ ਸ਼ੁਕਰਾਨੇ ਦੇ ਹੰਝੂ ਸਨ. ਭਿਜੀਆਂ ਪਲਕਾਂ ਤੇ ਨੀਵੀਆਂ ਨਜ਼ਰਾਂ ਨਾਲ ਉਨ੍ਹਾਂ ਮੈਨੂੰ ਸਲਾਮ ਕਹੀ ਤੇ ਮੇਰੀ ਕਦਮ-ਬੋਸੀ ਕੀਤੀ। ਮੈਂ ਉਨ੍ਹਾਂ ਨੂੰ ਬਗ਼ਲ ਵਿਚ ਲੈ ਕੇ ਪਿਆਰ ਦਿਤਾ ਤੇ ਆਦਰ ਨਾਲ ਕੁਰਸੀਆਂ ਤੇ ਬਿਠਾਇਆ।

ਵਡੇ ਭਾਈ ਨੇ ਬੜੀ ਆਜਿਜ਼ੀ ਨਾਲ ਪੁਛਿਆ, ''ਸਰਦਾਰ ਅੱਬਾ ਜਾਨ, ਕਿਆ ਆਪ ਗੁਰੂ ਨਾਨਕ ਵਲੀ ਅੱਲਾ ਕੇ ਸਿਖ ਹੈਂ ?''

'ਮੈਂ ਉੱਤਰ ਦਿਤਾ ਕਿ ''ਹਾਂ, ਖ਼ਾਨ ਬੇਟੇ, ਮੈਂ ਗੁਰੂ ਨਾਨਕ ਦੇਵ ਜੀ ਕਾ ਏਕ ਅਦਨਾ ਸਾ ਸਿਖ ਔਰ ਸੇਵਕ ਹੂੰ। ਔਰ ਮੁਝੇ ਉਨ ਕਾ ਸੇਵਕ ਕਹਿਲਾਨੇ ਮੇਂ ਫ਼ਖ਼ਰ ਹੈ।''

''ਕਿਆ ਸਾਰੇ ਹੀ ਸਿਖ ਆਪ ਜੈਸੇ ਮੇਹਰਬਾਨ ਔਰ ਨੇਕ ਇਨਸਾਨ ਹੋਤੇ ਹੈਂ ? ਹਮਾਰੇ ਪਾਕਿਸਤਾਨ ਮੇਂ ਤੋ ਹਰ ਸਿਖ ਕੋ ਕਾਤਲ ਔਰ ਜ਼ਾਲਿਮ ਹੀ ਬਤਾਇਆ ਜਾਤਾ ਹੈ।''

ਮੈਂ ਬੜੇ ਦੁਲਾਰ ਨਾਲ ਉੱਤਰ ਦੇਂਦਿਆਂ ਸਮਝਾਇਆ ਕਿ ''ਗੁਰੂ ਨਾਨਕ ਜੀ ਨੇ ਖ਼ੁਦ ਭੀ ਸਾਰੀ ਖ਼ਲਕਤ ਕੇ ਦੀਨ ਦੁਖੀਓਂ ਔਰ ਬੀਮਾਰੋਂ ਕੀ ਸੇਵਾ-ਸੰਭਾਲ ਔਰ ਇਲਾਜ, ਅੱਲਾ ਕੇ ਪਾਕ ਕਲਾਮ ਗੁਰਬਾਣੀ ਕੇ ਜ਼ਰੀਏ ਸੇ ਕੀਆ ਔਰ ਅਪਨੇ ਸਿਖੋਂ ਕੋ ਭੀ ਯਹੀ ਕੁਛ ਕਰਤੇ ਰਹਿਨੇ ਕਾ ਹੁਕਮ ਸਾਦਰ ਫ਼ੁਰਮਾਇਆ। ਸਿਖ ਆਜ ਭੀ ਉਨ ਕੇ ਹੁਕਮ ਕੀ ਤਾਮੀਲ ਕਰ ਰਹੇ ਹੈਂ ਔਰ ਆਇੰਦਾ ਭੀ ਕਰਤੇ ਰਹੇਂਗੇ। ਮੇਰੇ ਬੇਟੇ ਖ਼ਾਨ, ਪਾਕਿਸਤਾਨ ਅਰ ਭਾਰਤ ਮੇਂ ਸਿਖ ਕੌਮ ਕੇ ਮੁਖ਼ਾਲਫ਼, ਸਿਖੋਂ ਕੇ ਮੁਤਅਲਿਕ ਗ਼ਲਤ ਔਰ ਬੇਹੂਦਾ ਪਰਚਾਰ ਕਰ ਰਹੇ ਹੈਂ।''

ਹੁਣ ਵੱਡਾ ਭਾਈ ਉਠਿਆ, ਤੇ ਆਪਣੇ ਉਪਰਲੇ ਕਮਰੇ ਵਿਚੋਂ ਉਰਦੂ ਦੇ ਅਖ਼ਬਾਰ ਤੇ ਰਸਾਲੇ ਚੁੱਕ ਕੇ ਲਿਆਇਆ, ਇਨ੍ਹਾਂ ਵਿਚ ਸਿਖ ਕੌਮ ਦੇ ਵਿਰੁਧ ਕਾਫ਼ੀ ਨਫ਼ਰਤ ਦੀ ਜ਼ਹਿਰ ਭਰੀ ਹੋਈ ਸੀ। ਇਨ੍ਹਾਂ ਸਭਨਾਂ ਵਿਚੋਂ ਸਿਰਫ਼ ਕੁਛ ਹੀ ਫ਼ਿਕਰੇ ਪੜ੍ਹ ਕੇ ਮੇਰੇ ਤਨ ਬਦਨ ਨੂੰ ਅੱਗ ਲੱਗ ਗਈ। ਇਤਨਾ ਕੁਫ਼ਰ ਤੋਲਿਆ ਤੇ ਜ਼ਹਿਰ ਘੋਲਿਆ ਹੋਇਆ ਸੀ ਕਿ ਪੜ੍ਹ ਕੇ ਇਨਸਾਨ ਇਨਸਾਨੀਅਤ ਹੀ ਭੁੱਲ ਜਾਵੇ। ਪਰ ਮੇਰੀ ਹੈਰਾਨੀ ਦੀ ਉਦੋਂ ਹੱਦ ਹੀ ਨਾ ਰਹੀ ਜਦੋਂ ਖ਼ਾਨ ਨੇ ਉਹ ਸਾਰੇ ਰਸਾਲੇ ਤੇ ਅਖਬਾਰ ਜਲਾ ਕੇ ਰਾਖ ਕਰ ਦਿਤੇ ਤੇ ਫਿਰ ਉਹ ਦੋਬਾਰਾ ਆਪਣੇ ਕਮਰੇ ਵਿਚ ਗਿਆ ਤੇ ਇੰਡੀਆ ਤੋਂ ਆਏ ਦੋ ਪੱਤਰ ਪੁਰਾਣੇ ਮੈਨੂੰ ਦਿਤੇ ਤੇ ਬੜੀ ਹਲੀਮੀ ਨਾਲ ਅਰਜ਼ ਕਰਦਿਆਂ ਇਹ ਵੀ ਮੰਨ ਗਿਆ ਕਿ ਉਸ ਨੇ ਹੋਰ ਵੀ ਸਾਡੇ ਦੇਸ ਤੋਂ ਆਏ ਕੁੱਝ ਪੱਤਰ ਜਲਾਏ ਹਨ।

ਆਖ਼ਰ ਵਿਚ ਉਸ ਨੇ ਮੇਰੇ ਪਾਸੋਂ ਆਪਣੇ ਸਾਰੇ ਪਿਛਲੇ ਗੁਨਾਹਾਂ ਦੀ ਮਾਫ਼ੀ ਮੰਗੀ ਤੇ ਅਗਲੀ ਸਵੇਰ ਤੋਂ ਦੋਹਾਂ ਭਰਾਵਾਂ ਨੇ ਮੈਨੂੰ ਅੱਬਾ ਜਾਨ ਕਹਿੰਦਿਆਂ ਹੋਇਆਂ ਨੇਕ ਤੇ ਆਗਿਆਕਾਰ ਬੱਚਿਆਂ ਦੇ ਫ਼ਰਜ਼ ਪੂਰੇ ਕਰਨੇ ਸ਼ੁਰੂ ਕਰ ਦਿਤੇ।

ਭਾਰਤ ਤੇ ਪਾਕਿਸਤਾਨ ਦੀ ਜੰਗ ਅਜੇ ਵੀ ਜਾਰੀ ਸੀ, ਪਰ ਸਾਡੀ ਜੰਗ ਬਾਪ ਬੇਟੇ ਦੇ ਪਵਿੱਤਰ ਰਿਸ਼ਤੇ ਵਿਚ ਜੁੜ ਕੇ ਸਦੀਵੀ ਸੁਲਾਹ ਦੇ ਕਾਰਨ ਹਮੇਸ਼ਾ ਲਈ ਬੰਦ ਹੋ ਗਈ ਸੀ।

[ਛਪ ਰਹੀ ਪੁਸਤਕ 'ਮਨ ਅੰਤਰ ਕੀ ਪੀਰ' ਵਿਚੋਂ

---

**ਪਾਠਕ ਜੀ**—ਚਿੱਠੀ ਪੱਤਰ ਤੇ ਰਕਮ ਭੇਜਣ ਸਮੇਂ ਆਪਣਾ ਚਿਟ ਨਬਰ ਜ਼ਰੂਰ ਲਿਖੋ। ਹਰ ਮਹੀਨੇ 'ਸੂਰਾ' ਉਪਰ ਤੁਹਾਡੇ ਐਡਰੈਸ ਤੋਂ ਪਹਿਲਾਂ ਚਿਟ ਨੰਬਰ ਲਿਖਿਆ ਹੁੰਦਾ ਹੈ।



www.AKJ.Org

# ਦੁੱਧ ਅੰਮ੍ਰਿਤ ਹੈ ਕਿ ਚਰਬੀ ?

ਕਈ ਵਾਰ ਸਾਡੇ ਸਾਹਮਣੇ ਅਜਿਹੇ ਸੁਆਲ ਆ ਜਾਂਦੇ ਹਨ, ਜਿਨ੍ਹਾਂ ਤੋਂ ਡਾਢੀ ਹੀ ਹੈਰਾਨੀ ਹੁੰਦੀ ਹੈ ਕਿ ਫੁਚਰਬਾਜ਼ ਸਜਣ ਆਪਣੇਂ ਪੱਖ ਨੂੰ ਪੇਸ਼ ਕਰਨ ਲਈ ਕਿਹੋ ਜਹੀਆਂ ਬੇਥਵੀਆਂ ਤੇ ਹਾਸੋਹੀਣੀਆਂ ਫੁਚਰਾਂ ਭੇੜਦੇ ਹਨ। ਹੁਣੇ ਜਿਹੇ ਇਕ ਪਤਰਕਾ ਇੰਗਲੈਂਡ ਚੋਂ ਪੁਜੀ ਹੈ, ਜਿਸ ਵਿਚ ਕਿਸੇ ਮਾਸ-ਪੱਖੀ ਵੀਰ ਨੇ ਦੁੱਧ ਵਰਗੇ ਅੰਮ੍ਰਿਤ ਪਦਾਰਥ ਦੇ ਸੇਵਨ ਤੇ ਉਟੰਕਣ ਕੀਤਾ ਹੈ। ਆਪ ਲਿਖਦੇ ਹਨ :—

> "ਜੇਕਰ ਬੱਚੇ ਲਈ ਮਾਂ ਦਾ ਦੁੱਧ ਕੁਦਰਤ ਵਲੋਂ ਅਪੜਾਇਆ ਕੁਦਰਤੀ ਆਹਾਰ ਹੈ, ਫਿਰ ਮਨੁਖ ਪਸ਼ੂਆਂ ਦਾ ਦੁੱਧ ਕਿਉਂ ਵਰਤਦਾ ਹੈ ? ਜਦੋਂ ਤੀਕ ਇਸ ਨੂੰ ਦੁੱਧ ਦੀ ਲੋੜ ਸੀ, ਮਾਂ ਦਾ ਦੁੱਧ ਮਿਲਦਾ ਰਿਹਾ, ਵਡੇ ਹੋਏ ਲਈ ਹੋਰ ਪਦਾਰਥ ਮਿਲ ਗਏ। ਪਰ ਇਹ ਪਸ਼ੂਆਂ ਦੇ ਬੱਚਿਆਂ ਦਾ ਹੱਕ ਮਾਰ ਕੇ ਆਪ ਦੁੱਧ ਪੀਂਦਾ ਹੈ, ਕੀ ਇਹ ਪਸ਼ੂ-ਦੁੱਧ ਮਨੁਖ ਲਈ ਕੁਦਰਤੀ ਆਹਾਰ ਹੈ ਜਾਂ ਨਹੀਂ ? ਜੇ ਨਹੀਂ ਤਾਂ ਗੁਰਸਿਖ ਜਾਨਵਰਾਂ ਦਾ ਦੁੱਧ ਕਿਉਂ ਪੀਂਦੇ ਹਨ? ਕੀ ਇਹ ਪਸ਼ੂਆਂ ਦੀ ਚਰਬੀ ਦਾ ਦੂਜਾ ਨਾਮ ਨਹੀਂ ਹੈ ?"

ਗੁਰਬਾਣੀ ਵਿਚੋਂ ਦੁੱਧ, ਦਹੀਂ, ਮੱਖਣ, ਘਿਉ ਆਦਿ ਅੰਮ੍ਰਿਤ ਪਦਾਰਥ ਦੇ ਸੇਵਨ ਦਾ ਵਿਧਾਨ ਹੁੰਦਾ ਹੈ। ਭਗਤ ਧੰਨਾ ਜੀ ਨੇ ਆਪਣੇ ਗੋਪਾਲ-ਪ੍ਰਭੂ ਤੋਂ ਆਪਣੇ ਜੀਵਨ-ਨਿਰਬਾਹ ਲਈ ਜਿਥੇ ਆਟਾ ਦਾਲ ਤੇ ਹੋਰ ਲੋੜੀਂਦੇ ਪਦਾਰਥ ਮੰਗੇ ਹਨ ਉਥੇ ਨਾਲ ਘਿਉ ਤੇ ਦੁੱਧ ਵੀ ਮੰਗੇ ਹਨ। ਘਿਉ ਦੁੱਧ ਪ੍ਰਾਪਤ ਕਰਨ ਲਈ ਹੀ ਤਾਂ ਉਨ੍ਹਾਂ ਨੂੰ ਕਹਿਣਾ ਪਿਆ ਹੈ—

ਗਊ ਭੈਸ ਮਗਉ ਲਾਵੇਰੀ ॥ (ਪੰਨਾ ੬੯੫)

ਭਗਤ ਧੰਨਾ ਜੀ ਨੇ ਗਊ ਜਾਂ ਮਹਿੰ ਲਵੇਰੀ ਮੰਗੀ ਹੈ, ਤਾਕਿ ਉਸ ਤੋਂ ਦੁੱਧ ਪ੍ਰਾਪਤ ਹੋ ਸਕੇ ਅਤੇ ਉਸ ਤੋਂ ਅਗੋਂ ਦਹੀਂ, ਲੱਸੀ, ਮੱਖਣ ਅਤੇ ਘਿਉ ਆਦਿਕ ਵਸਤੂਆਂ ਬਣਾ ਕੇ ਲੁੜੀਂਦੀ ਖ਼ੁਰਾਕ ਰਾਹੀਂ ਸ੍ਰੀਰ ਨੂੰ ਤੰਦਰੁਸਤ ਰਖ ਕੇ ਨਾਮ ਸਿਮਰਨ ਡਟ ਕੇ ਕੀਤਾ ਜਾ ਸਕੇ।

ਫਿਰ ਪਰਚਲਤ ਸਾਖੀ ਮਿਲਦੀ ਹੈ ਕਿ ਭਗਤ ਨਾਮਦੇਵ ਜੀ ਦਾ ਪਿਤਾ ਨਿਤ ਠਾਕੁਰਾਂ ਨੂੰ ਦੁੱਧ ਦਾ ਭੋਗ ਲੁਆਉਂਦਾ ਹੁੰਦਾ ਸੀ। ਇਕ ਦਿਨ ਕਿਤੇ ਬਾਹਰ ਜਾਣ ਲਗਿਆਂ ਉਹ ਨਾਮਦੇਵ ਜੀ ਦੇ ਜ਼ਿਮੇ ਲਾ ਗਿਆ ਕਿ ਉਹ ਉਸ ਤੋਂ ਪਿਛੋਂ ਠਾਕੁਰਾਂ ਨੂੰ ਭੋਗ ਲਵਾ ਦੇਵੇ। ਨਾਮਦੇਵ ਦਾ ਹਿਰਦਾ ਸਰਲ ਸੀ, ਪੂਰਾ ਸਿਦਕ-ਭਰੋਸਾ ਸੀ, ਇਸ ਕਰਕੇ ਉਹ ਪੂਰੇ ਸਿਦਕ-ਭਰੋਸੇ ਨਾਲ ਠਾਕੁਰ ਪਾਸ ਦੁੱਧ ਦੀ ਕਟੋਰੀ ਭੋਗ ਲੁਆਉਣ ਲਈ ਲੈ ਗਿਆ। ਇਸ ਦਾ ਜ਼ਿਕਰ ਗੁਰਬਾਣੀ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਇਉਂ ਆਉਂਦਾ ਹੈ—

ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥
ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥
ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ਰਹਾਉ॥

ਕਪਲ ਗਾਂ ਚੋ ਕੇ ਨਾਮਦੇਵ ਕਟੋਰੇ ਵਿਚ ਦੁੱਧ ਪਾ ਕੇ ਠਾਕੁਰ ਪਾਸ ਲਿਜਾਂਦਾ ਹੈ ਅਤੇ ਦੁਧ ਪੀਣ ਲਈ ਤਰਲੇ ਕਢਦਾ ਹੈ, 'ਹੇ ਗੋਬਿੰਦ ਰਾਇ ਜੀ, ਦੁੱਧ ਪੀਉ ਜੀ ! ਤੁਹਾਡੇ ਦੁੱਧ ਪੀਣ ਨਾਲ ਮੇਰਾ ਮਨ ਪ੍ਰਸੰਨ ਹੋ ਜਾਏਗਾ, ਮੈਨੂੰ ਖੁਸ਼ੀ ਮਿਲੇਗੀ। ਮੇਰੇ ਗੋਬਿੰਦ ਜੀਉ, ਜੇ ਤੁਸੀਂ ਦੁੱਧ ਨਾ ਪੀਓਗੇ ਤਾਂ ਪਰਵਾਰਕ ਪਿਤਾ ਜੀ ਨਰਾਜ ਹੋਣਗੇ।"

ਇਉਂ ਤਰਲੇ ਤੇ ਜੋਦੜੀਆਂ ਕਰਦੇ ਨਾਮਦੇਵ ਨੇ ਦੁੱਧ ਦੀ ਕਟੋਰੀ ਭਰ ਕੇ ਹਰੀ-ਪ੍ਰਭੂ-ਠਾਕੁਰ ਅਗੇ ਰਖ ਦਿਤੀ— ਸੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥

ਭਗਤ ਦੇ ਸੱਚੇ ਦਿਲੋਂ ਤਰਲੇ ਸੁਣ ਕੇ, ਉਸ ਦੀ ਅਪਾਰ ਸ਼ਰਧਾ-ਭਾਵਨੀ ਦੇਖ ਕੇ ਅਤੇ ਉਸ ਦਾ ਅੰਦਰਲਾ ਪ੍ਰਭੂ-ਪਿਆਰ ਵਿਚ ਪ੍ਰੋਤਾ ਵੇਖ ਕੇ ਠਾਕੁਰ-ਪ੍ਰਭੂ ਜੀ, ਭਗਤ ਦੇ ਭੋਲੇਪਣ ਅਤੇ ਹਿਰਦੇ ਦੀ ਸਰਲਤਾ ਉਪਰ ਹੱਸ ਪਏ— ਨਾਮੇ ਦੇਖਿ ਨਰਾਇਨੁ ਹਸੈ ॥੩॥



www.AKJ.Org

ਅਤੇ ਜਦ ਭਗਤ ਜੀ ਪ੍ਰਭੂ-ਪਿਆਰ ਵਿਚ ਇਕ-ਸੁਰ ਹੋਏ ਪ੍ਰੇਮਾ-ਭਗਤੀ ਦੇ ਰੋੜ੍ਹ ਵਿਚ ਰੁੜ੍ਹ ਗਏ ਤਾਂ ਨਰਾਇਣ-ਪ੍ਰਭੂ ਜੀ ਪਸੀਜ ਪਏ, ਤਰੁਠ ਪਏ ਅਤੇ ਉਸ ਦੀ ਹਿਰਦਿਓਂ ਨਿਕਲੀ ਬੇਨਤੀ ਪਰਵਾਨ ਕੀਤੀ। ਇਉਂ ਭਗਤ ਜੀ—

ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥(੧੧੬੩-੬੪)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸਾਖੀ ਦਾ ਜ਼ਿਕਰ ਉਪਰੋਕਤ ਸ਼ਬਦ ਦੁਆਰਾ ਦਰਜ ਹੈ। ਜੇ ਦੁੱਧ ਪਸ਼ੂਆਂ ਦੀ ਚਰਬੀ ਹੋਵੇ ਤਾਂ ਉਹ ਠਾਕੁਰ-ਪ੍ਰਭੂ ਨੂੰ ਕਿਵੇਂ ਅਰਪਨ ਕੀਤਾ ਜਾ ਸਕਦਾ ਹੈ? ਠਾਕਰੁ-ਪ੍ਰਭੂ ਨੂੰ ਅੰਮ੍ਰਿਤ-ਭੋਜਨ ਹੀ ਭਟ ਚੜ੍ਹਾਇਆ ਜਾ ਸਕਦਾ ਹੈ। ਅਤੇ ਭਗਤ ਨਾਮਦੇਵ ਜੀ ਬਾਣੀ ਦੇ ਇਸੇ ਸ਼ਬਦ ਵਿਚ ਦੁੱਧ ਨੂੰ 'ਅੰਮ੍ਰਿਤ' ਦੀ ਤਲਨਾ ਦੇ ਕੇ ਹੀ ਕਹਿ ਰਹੇ ਹਨ—''ਸੁਇਨ ਕਟੋਰੀ ਅੰਮ੍ਰਿਤ ਭਰੀ ॥''

ਸਾਰੇ ਸ਼ਬਦ ਵਿਚ ਦੁੱਧ ਦਾ ਜ਼ਿਕਰ ਹੀ ਹੈ ਅਤੇ ਕਟੋਰੀ ਅੰਮ੍ਰਿਤ ਰੂਪ ਦੁੱਧ ਨਾਲ ਹੀ ਭਰੀ ਹੈ, ਉਨ੍ਹਾਂ ਨੇ ਆਪਣੇ ਠਾਕੁਰ-ਪ੍ਰਭੂ ਦੇ ਅਗੇ ਰਖੀ। ਇਸ ਅੰਮ੍ਰਿਤ-ਭੋਜਨ ਨੂੰ ਠਾਕੁਰ-ਪ੍ਰਭੂ ਨੇ ਭਗਤ ਦਾ ਪੂਰਨ ਪ੍ਰੇਮ ਦੇਖ ਕੇ ਪਰਵਾਨ ਕੀਤਾ।

ਸੰਗਤ ਵਿਚ ਕੜਾਹ ਪ੍ਰਸ਼ਾਦ ਅਰਪਨ ਕਰਨ ਦੀ ਸਿਖ ਧਰਮ ਵਿਚ ਪ੍ਰਵਾਣਿਤ ਮਰਯਾਦਾ ਹੈ। ਕੜਾਹ ਪ੍ਰਸ਼ਾਦ ਵਿਚ ਘਿਉ ਦੀ ਵਰਤੋਂ ਹੁੰਦੀ ਹੈ ਅਤੇ ਘਿਉ ਦੁੱਧ ਤੋਂ ਹੀ ਬਣਦਾ ਹੈ।

ਜਿਥੋਂ ਤਕ ਪਸ਼ੂਆਂ ਦੇ ਬੱਚਿਆਂ ਦੇ ਹੱਕ ਮਾਰਨ ਦਾ ਸਵਾਲ ਹੈ, ਪ੍ਰਸ਼ਨ-ਕਰਤਾ ਆਪ ਹੀ ਵਿਚਾਰ ਲੈਣ ਕਿ ਕੀ ਪਸ਼ੂਆਂ ਤੋਂ ਦੁੱਧ ਪ੍ਰਾਪਤ ਕਰਨ ਲਈ ਉਹਨਾਂ ਦੀ ਖਾਧ ਖੁਰਾਕ ਤੇ ਦੇਖ ਭਾਲ ਲਈ ਕੁਝ ਪ੍ਰੀਸ਼ਰਮ ਅਤੇ ਖਰਚਾ ਨਹੀਂ ਕੀਤਾ ਜਾਂਦਾ? ਇਹ ਦੇ ਲੈ ਵਾਲੀ ਗੱਲ ਹੈ।

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੪੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ? | ੧-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਵਾਹਿਗੁਰੂ ਸ਼ਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੨੩-ਜੀ, ਸਰਾਭਾ ਨਗਰ, ਲੁਧਿਆਣਾ**

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲ ਸੰਜੋਗੀ | ੦-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੫੦ | ਪ੍ਰਗਟੀ ਜੋਤਿ ਮਿਲ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0–40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0–75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | ੦-੭੫ |

ਸਿੱਖ ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) ੫-੦੦

ਦੋ ਕਵਿਤਾਵਾਂ –

# ਬੰਦਿਆ, ਜ਼ਰਾ ਦਸ ਖਾਂ !

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ']

ਮਾਇਆ-ਮਦ ਵਿਚ ਮੱਤੇ ਮੂੜ੍ਹ ਬੇ-ਸ਼ਊਰ ਬੰਦੇ, ਕਿਵੇਂ ਤੇਰਾ ਹੋਵਸੀ ਕਲਿਆਨ ? ਜ਼ਰਾ ਦੱਸ ਖਾਂ !
ਪਾਪਾਂ ਦੀ ਪੰਡੋਰੀ ਸਿਰ ਚੁੱਕੀ ਫਿਰੇਂ ਰਾਤ ਦਿਨ, ਬੰਦਾ ਹੈਂ ਕਿ ਰੂਪ ਹੈਂ ਸ਼ੈਤਾਨ ? ਜ਼ਰਾ ਦੱਸ ਖਾਂ ।
ਕੂਕਰ ਹਰਕਾਏ ਵਾਂਗ ਲੋਭ-ਲਹਿਰ ਗ੍ਰਸਿਆ, ਬਣਾ ਰਿਹੋਂ ਤੂੰ ਸੁੱਖ ਦੇ ਸਾਮਾਨ ? ਜ਼ਰਾ ਦੱਸ ਖਾਂ ।
ਪਰ ਲਾ ਕੇ ਉਡ ਗਈ ਹੈ ਅਕਲ ਤੇਰੀ ਕੇਹੜੇ ਪਾਸੇ, ਨਹੀਂ ਭਲੇ ਬੁਰੇ ਦੀ ਪਹਿਚਾਨ ? ਜ਼ਰਾ ਦੱਸ ਖਾਂ ।੧।

ਓ ਮੂਰਖਾ ! ਖਿਲਾਰਦੈਂ ਕਿਉਂ ਕੰਡੇ ਰਾਹ ਆਪਣੇ ਤੇ, ਚੁੱਭਣੇ ਨਹੀਂ ਤੈਨੂੰ ? ਓ ਨਾਦਾਨ ! ਜ਼ਰਾ ਦੱਸ ਖਾਂ ।
ਲਗਾ ਹੋਇਐਂ ਨਿਸ ਦਿਨ ਪਦਾਰਥਾਂ ਦੀ ਦੌੜ ਵਿਚ, ਕਿਥੇ ਹਈ ਧਰਮ ਤੇ ਈਮਾਨ ? ਜ਼ਰਾ ਦੱਸ ਖਾਂ ।
ਚੜ੍ਹ ਗਿਐ ਜਾਲਾ ਤੇਰੀ ਅੱਖੀਆਂ ਤੇ ਖ਼ੁਦੀ ਵਾਲਾ, ਜਾਣ ਕੇ ਤੂੰ ਬਣਿਐਂ ਅਨਜਾਣ ? ਜ਼ਰਾ ਦੱਸ ਖਾਂ ।
ਭੇੜਿਆਂ ਦੀ ਸੰਗਤ ਨੇ ਬੁੱਧ ਤੇਰੀ ਭ੍ਰਿਸ਼ਟ ਕੀਤੀ, ਕਿਹੋ ਜਿਹੈ ਤੇਰਾ ਖਾਨ ਪਾਨ ? ਜ਼ਰਾ ਦੱਸ ਖਾਂ ।੨।

ਚਾਰ ਛਿੱਲੜਾਂ ਦਾ ਮਾਣ ਕਰੇਂ ਕਿਉਂ ਮੂਰਖਾ ਉਏ ! ਮਾਇਆ ਤੇ ਹੈ ਦਿਨਾਂ ਦੀ ਮਹਿਮਾਨ, ਜ਼ਰਾ ਦੱਸ ਖਾਂ ।
ਦਸ ਟੱਕੇ ਤਾਰ ਕੇ ਤੇ ਭੂਮੀ ਵੀ ਖ਼ਰੀਦ ਲਈ ਉ, ਬਹੁਤੇ ਹੀ ਉਸਾਰੇ ਨੀ ਮਕਾਨ, ਜ਼ਰਾ ਦੱਸ ਖਾਂ ।
ਕਿੱਥੇ ਤੇਰਾ ਪਿਓ ਅਤੇ ਦਾਦੇ ਪੜਦਾਦੇ ਗਏ, ਪਤਾ ਨਹੀਂ ਉ ਫ਼ਾਨੀ ਹੈ ਜਹਾਨ ? ਜ਼ਰਾ ਦੱਸ ਖਾਂ ।
ਸੁਣ 'ਮਿੱਤਰ' ਮੌਤ ਦਾ ਨਗਾਰਾ ਪਿਆ ਵਜਦਾ ਏ, ਹੋ ਰਹੇ ਨੀ ਬਹਿਰੇ ਤੇਰੇ ਕਾਨ ? ਜ਼ਰਾ ਦੱਸ ਖਾਂ ।੩।

ਬਿਨਾਂ ਭਜਨ ਪ੍ਰਭੂ ਦੇ ਨਾ ਤੈਨੂੰ ਠਉਰ ਮਿਲਣੀ ਏ,
ਰੱਬ ਨੂੰ ਤੂੰ ਦੇਣੀ ਨਹੀਂ ਜ਼ਾਨ ? ਜ਼ਰਾ ਦੱਸ ਖਾਂ।
ਡੁਲ੍ਹੇ ਹੋਏ ਬੇਰਾਂ ਦਾ ਨਾ ਅਜੇ ਕੁਝ ਵਿਗੜਿਆ ਏ,
ਚੇਤੇ ਕਿਉਂ ਨਾ ਕਰੇਂ ਤੂੰ ਭਗਵਾਨ ? ਜ਼ਰਾ ਦੱਸ ਖਾਂ ।

---

# ਪੰਥ-ਵਿਰੋਧੀਆਂ ਨੂੰ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ']

ਦੇਸ਼-ਵੰਡ ਵੇਲੇ ਲਿਖਤਾਂ ਫ਼ਾਈਲਾਂ ਤੇ, ਲੀਡਰ ਲਿਖ ਗਏ ਜੇਹੜੀਆਂ
ਕਿਥੇ ਗਈਆਂ ?
ਭਾਰਤ ਨਾਲ ਸਿਖਾਂ ਸਾਂਝੀਵਾਲ ਬਣ ਕੇ, ਮੌਤਾਂ ਆਪ ਸਹੇੜੀਆਂ
ਕਿਥੇ ਗਈਆਂ ?
ਮਰਜ਼ੀ ਸਿਖਾਂ ਦੀ ਬਿਨ੍ਹਾਂ ਵਿਧਾਨ ਅੰਦਰ ਕੁਝ ਨਹੀਂ ਹੋਵੇਗਾ
ਕਿਸ ਨੇ ਕਿਹਾ ਸੀ ਜੀ ?
ਉਲਟੀ ਸੋਚਣੀ ਹੋਈ ਤਾਂ ਦੇਸ਼ ਫੁਟ ਦੇ ਬੀਜ ਬੋਏਗਾ,
ਕਿੱਸ ਨੇ ਕਿਹਾ ਸੀ ਜੀ ?
ਉਨ੍ਹਾਂ ਅੱਖਰਾਂ ਨੂੰ ਕਿਸੇ ਨੇ ਚਟ ਲਿਆ ਏ,
ਪਈਆਂ ਲਿਖਤਾਂ ਕਿਉਂ ਨਾ ਪੜ੍ਹੋ ਯਾਰੋ !
ਜੀਉ ਆਪ ਤੇ ਸਾਨੂੰ ਵੀ ਜੀਣ ਦੇਵੋ,
ਰਾਜ-ਮਦ-ਮੱਤੇ ਬਣ ਨਾ ਅੜੋ ਯਾਰੋ !



www.AKJ.Org

# 'ਸਿਰਪਾਉ' ਦੀ ਮਹਾਨਤਾ

ਗੁਰੂ ਸਾਹਿਬ ਦੇ ਜ਼ਮਾਨੇ ਵਿਚ ਅਨੇਕਾਂ ਸਿਖ ਆਪੋ ਆਪਣੇ ਖੇਤਰ ਵਿਚ ਸਿਖੀ ਦੀ ਤਨ, ਮਨ, ਧਨ ਨਾਲ ਸੇਵਾ ਕਰਦੇ ਸਨ। ਕਿਸੇ ਗੁਰਸਿਖ ਦੀ ਕਿਸੇ ਖਾਸ ਉਘੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਭਰੀ ਸੰਗਤ ਵਿਚ ਖਾਸ ਦਿਹਾੜੇ ਤੇ ਉਸ ਨੂੰ ਸਤਿਕਾਰ ਵਜੋਂ 'ਸਿਰਪਾਉ' ਨਾਲ ਨਿਵਾਜਦੇ ਸਨ। ਇਸ ਦਾ ਅੱਖਰੀ ਅਰਥ ਹੈ, ਸਿਰ ਤੋਂ ਲੈ ਕੇ ਪੈਰਾਂ ਤਕ ਦਾ 'ਓੜਣਾ'। ਤੇ ਜਿਸ ਨੂੰ ਦਿੱਤਾ ਗਿਆ ਹੁੰਦਾ, ਉਹ ਉਸੇ ਵਕਤ ਇਸ ਨੂੰ ਧਾਰਨ ਕਰ ਲਿਆ ਕਰਦਾ। ਛੇਵੀਂ ਪਾਤਸ਼ਾਹੀ ਵਕਤ ਤਕ ਇਸ ਸਿਰਪਾਉ ਨਾਲ ਕਿਰਪਾਨ ਭੀ ਸ਼ਾਮਲ ਕਰ ਲਈ ਗਈ। ਇਹ ਸਮੇਂ ਦੀ ਮੁਖ ਲੋੜ ਭੀ ਸੀ। ਢਾਡੀਆਂ ਨੂੰ ਲਿਖਾਰੀਆਂ ਅਤ ਯਧਿਆਂ ਨੂੰ ਅਕਾਲ ਤਖਤ ਉਤੇ ਸਤਿਕਾਰ ਸਹਿਤ ਸਿਰਪਾਉ ਬਖਸ਼ੇ ਜਾਂਦੇ। ਇਹ ਰੀਤ ਗੁਰੂ ਘਰ ਦੀ ਇਕ ਬਹੁਤ ਹੀ ਮਹੱਤਵਪੂਰਨ ਅਤੇ ਸਤਿਕਾਰ ਵਾਲੀ ਮਰਯਾਦਾ ਹੋ ਨਿਬੜੀ। ਇਸ ਨੂੰ ਪ੍ਰਾਪਤ ਕਰਨ ਵਾਲਾ ਆਪਣੇ ਵੱਡੇ ਭਾਗ ਸਮਝ ਕੇ ਹੋਰ ਭੀ ਜ਼ਿਆਦਾ ਸੇਵਾ ਕਰਨ ਲਈ ਯਤਨ ਕਰਦਾ।

ਭੰਗਾਣੀ ਦੇ ਯੁਧ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋ ਕੇ ਲੜਨ ਵਾਲੇ ਤੇ ਆਪਣੇ ੫੦੦ ਮੁਰੀਦਾਂ ਤੇ ਚਾਰ ਬੱਚਿਆਂ ਨੂੰ ਜੰਗ ਵਿਚ ਝੋਕਣ ਵਾਲੇ ਪੀਰ ਬੁਧੂ ਸ਼ਾਹ ਦੀ ਸੇਵਾ ਤੋਂ ਖੁਸ਼ ਹੋ ਕੇ, ਲੜਾਈ ਜਿਤਣ ਉਪਰੰਤ ਮਹੰਤ ਕਿਰਪਾਲ ਦਾਸ ਤੇ ਪੀਰ ਜੀ ਨੂੰ ਸਿਰਪਾਉ ਦੇ ਕੇ ਨਿਵਾਜਿਆ ਗਿਆ, ਜਿਸ ਦਾ ਇਤਿਹਾਸ ਵਿਚ ਵੀ ਜ਼ਿਕਰ ਹੈ। ਲੰਮੇ ਸਮੇਂ ਤਕ ਨਿਰੰਤਰ ਇਸੇ ਤਰ੍ਹਾਂ ਉਘੀਆਂ ਹਸਤੀਆਂ ਨੂੰ ਸਤਿਕਾਰ ਦਿੱਤਾ ਜਾਂਦਾ ਰਿਹਾ। ਕੁਝ ਹਾਲਤਾਂ 'ਚ ਇਹ ਦਾਤ ਖਾਸ ਸੇਵਾ ਬਦਲੇ ਭਾਵੇਂ ਗੈਰ ਸਿਖਾਂ ਨੂੰ ਭੀ ਦਿੱਤੀ ਗਈ ਹੈ। ਪਰ ਲੰਮੀ ਗੁਲਾਮੀ ਤੋਂ ਬਾਅਦ ਕੁਝ ਸਿਖ ਚੋਧਰੀਆਂ ਦੇ ਦਿਮਾਗ ਜੰਗਾਲੇ ਜਾ ਚੁਕੇ ਹਨ। ਉਹ ਸਮਝਦੇ ਹਨ ਕਿ ਅਸੀਂ ਹਾਕਮਾਂ ਦੀ ਝੋਲੀ ਚੁਕ ਕੇ ਆਪਣੀਆਂ ਰਵਾਇਤਾਂ ਦਾ ਅਪਮਾਨ ਕਰਵਾ ਕੇ ਕੁਝ ਪ੍ਰਾਪਤ ਕਰ ਲਵਾਂਗੇ। ਪਰ ਉਹ ਭੁਲ ਵਿਚ ਹਨ। ਇਸੇ ਲੜੀ ਅਧੀਨ ਜਨਰਲ ਡਾਇਰ ਨੂੰ ਅਕਾਲ ਤਖਤ ਤੋਂ 'ਸਿਰਪਾਉ' ਬਖਸ਼ਿਆ ਗਿਆ। ਸਮਾਂ ਪਾ ਕੇ ਇਸ ਦੀ ਜ਼ੋਰਦਾਰ ਵਿਰੋਧਤਾ ਹੋਈ। ਆਖਿਆ ਗਿਆ ਕਿ ਸਿਰਪਾਉ ਦੇਣ ਵਾਲਾ ਅੰਗਰੇਜ਼ਾਂ ਦਾ ਹੀ ਥਾਪਿਆ ਹੋਇਆ ਸੀ, ਪੰਥ ਦਾ ਨਹੀਂ। ਮੰਨ ਲੈਂਦੇ ਹਾਂ, ਪਰ ਹੁਣ ਪ੍ਰਬੰਧਕ ਤਾਂ ਆਪਣੇ ਆਪ ਨੂੰ ਪੰਥ ਦੇ ਨੁਮਾਇੰਦੇ ਸਦਵਾਉਂਦੇ ਹਨ। ਪਰ ਕੀ ਉਹ ਹੁਣ ਜਨਰਲ ਡਾਇਰ ਨੂੰ ਸਿਰਪਾਉ ਦੇਣ ਨਾਲੋਂ ਵੱਖਰੀ ਗੱਲ ਕਰ ਰਹੇ ਹਨ? ਪਿਛਲੇ ਲੰਮੇ ਸਮੇਂ ਤੋਂ ਜਦੋਂ ਭੀ ਕੋਈ ਕੇਂਦਰੀ ਵਜ਼ੀਰ, ਸਕੱਤਰ ਅਤੇ ਹੋਰ ਵੱਡਾ ਅਧਿਕਾਰੀ ਅੰਮ੍ਰਿਤਸਰ ਆਇਆ, ਨੱਬੇ ਫੀ ਸਦੀ ਲੋਕਾਂ ਨੂੰ 'ਅਹੁਦੇ ਮੁਤਾਬਕ' ਸਿਰਪਾਉ ਦਿਤੇ ਗਏ। ਰਾਜਪਾਲ ਪਿਛਲੇ ਕੁਝ ਸਮੇਂ ਤੋਂ ਛੇਤੀ ਛੇਤੀ ਬਦਲਦੇ ਰਹੇ ਹਨ। ਉਹ ਦਰਬਾਰ ਸਾਹਿਬ ਭੀ ਜ਼ਰੂਰ ਜਾਂਦਾ ਹੈ। ਇਹਨਾਂ ਨੂੰ ਸਿਰਪਾਉ ਕਿਸ ਮਹਾਨ ਸੇਵਾ ਬਦਲੇ ਦਿਤੇ ਜਾ ਰਹੇ ਹਨ?*

ਅਨੇਕਾਂ ਸੰਗਤਾਂ ਦਰਬਾਰ ਸਾਹਿਬ ਦਰਸ਼ਨਾਂ ਲਈ ਆਉਂਦੀਆਂ ਹਨ, ਸੰਗਤਾਂ ਨਾਲੋਂ ਵੱਖਰਾ ਸਲੂਕ ਕਿਸੇ ਅਧਿਕਾਰੀ ਨਾਲ ਕਿਉਂ ਕੀਤਾ ਜਾਵੇ? ਯਾਦ ਰੱਖੋ ਹਰ ਵੱਡਾ ਛੋਟਾ ਗੁਰੂ ਦਰ ਤੇ ਇਕੋ ਜਿਹੇ ਸਤਿਕਾਰ ਦਾ ਪਾਤਰ ਹੈ, ਘੱਟ ਵੱਧ ਨਹੀਂ। ਅਕਬਰ ਬਾਦਸ਼ਾਹ ਨਾਲ ਭੀ ਗੁਰੂ ਅਮਰ ਦਾਸ ਜੀ ਨੇ ਇਕ ਸਧਾਰਨ ਵਿਅਕਤੀ ਵਾਲਾ ਸਲੂਕ ਕੀਤਾ ਸੀ, ਵੱਖਰਾ ਨਹੀਂ। ਭਾਵੇਂ ਮਹਾਰਾਜਾ ਰਣਜੀਤ ਸਿੰਘ ਅਨੇਕਾਂ ਵਾਰ ਦਰਬਾਰ ਸਾਹਿਬ ਆਇਆ, ਆਮ ਸੰਗਤ ਵਾਲਾ ਹੀ ਸਲੂਕ ਕੀਤਾ ਜਾਂਦਾ ਰਿਹਾ। ਕੋਈ ਆਵੇ, ਮੱਥਾ ਟੇਕੇ, ਸੰਗਤ ਵਾਂਗ ਪ੍ਰਸ਼ਾਦ ਲਵੇ, ਕੀਰਤਨ ਸੁਣੇ...। ਪਰ ਵਿਸ਼ੇਸ਼ ਉਚੇਚ, ਉਹ ਭੀ ਗੁਰੂ ਦਰ ਤੇ ਬਿਲਕੁਲ ਨਹੀਂ ਹੋਣੀ ਚਾਹੀਦੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਤਾਂ ਮਲਿਕ ਭਾਗੋ ਦੇ ਘਰ ਸੁੰਦਰ ਭੋਜਨ ਛੱਕਣ ਤੋਂ ਇਨਕਾਰ ਕਰ ਦਿਤਾ।

* ਅੱਜ ਕਲ੍ਹ ਗੁਰ ਅਸਥਾਨਾਂ ਵਿਖੇ ਕੁਝ ਖਾਸ ਮਾਇਆ ਭੇਟ ਕਰਨ ਵਾਲੇ ਨੂੰ ਵੀ ਸਿਰੋਪਾ ਦਿਤਾ ਜਾ ਰਿਹਾ ਹੈ, ਭਾਵੇਂ ਉਹ ਪਤਿਤ, ਕੁਕਰਮੀ ਅਤੇ ਪੰਥ ਦਾ ਦੋਖੀ ਤਕ ਵੀ ਹੋਵੇ। —ਸੰਪਾਦਕ



www.AKJ.Org

# ਸਿੱਖ ਫ਼ੌਜੀਆਂ ਤੇ ਰੰਗਰੂਟਾਂ ਦੀ ਛਾਂਟੀ ਜਾਰੀ

**ਪੰਜ ਹਜ਼ਾਰ ਫ਼ੌਜੀਆਂ ਦਾ ਕੋਰਟ ਮਾਰਸ਼ਲ–**

ਅੰਮ੍ਰਿਤਸਰ ੬ ਮਈ (ਸਟਾਫ ਰਿਪੋਰਟਰ)–ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਬੀਤੇ ਸਾਲ ਹੋਈ ਫੌਜੀ ਕਾਰਵਾਈ ਵੇਲੇ ਧਾਰਮਕ ਜਜ਼ਬਾਤਾਂ ਹੇਠ ਪ੍ਰੋਟੈਸਟ ਵਜੋਂ ਆਪਣੀਆਂ ਬੈਰਕਾਂ ਵਿਚੋਂ ਬਾਹਰ ਦੌੜਨ ਵਾਲੇ ਦੇਸ਼ ਭਰ ਦੇ ਕਰੀਬ ੧੪ ਹਜ਼ਾਰ ਤੋਂ ਵੀ ਵਧ ਸਿੱਖ ਫੌਜੀਆਂ ਅਤੇ ਟਰੇਨਿੰਗ ਲੈ ਰਹੇ ਸਿੱਖ ਰੰਗਰੂਟਾਂ ਨੂੰ ਬੇਰੋਜ਼ਗਾਰ ਹੋਣ ਦਾ ਖਤਰਾ ਪੈ ਗਿਆ ਹੈ। ਵੱਖ ਵੱਖ ਥਾਵਾਂ ਤੇ ਵਡੀ ਗਿਣਤੀ ਵਿਚ ਸਿੱਖ ਸਿਪਾਹੀਆਂ ਅਤੇ ਅਫਸਰਾਂ ਵਿਰੁਧ ਫੌਜੀ ਅਦਾਲਤਾਂ ਵਿਚ ਮੁਕੱਦਮੇ ਚਲ ਰਹੇ ਹਨ। ਕਈਆਂ ਨੂੰ ਸਜ਼ਾਵਾਂ ਵੀ ਹੋ ਚੁਕੀਆਂ ਹਨ, ਜਦ ਕਿ ਦੂਜੇ ਪਾਸੇ ਟਰੇਨਿੰਗ ਲੈ ਰਹੇ ਰੰਗਰੂਟਾਂ ਵਿਚੋਂ, ਜੋ ਕਰੀਬ ਸੱਤ ਹਜ਼ਾਰ ਤੋਂ ਵੀ ਵਧ ਗਿਣਤੀ ਵਿਚ ਹਨ, ਫੌਜ ਦੀ ਨੌਕਰੀ ਤੋਂ ਕਢੇ ਜਾਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਇਹ ਸਾਰੇ ਰੰਗਰੂਟ ਪ੍ਰੋਟੈਸਟ ਵਜੋਂ ਆਪਣੀਆਂ ਬੈਰਕਾਂ ਵਿਚੋਂ ਦੌੜ ਆਏ ਸਨ। ਇਨ੍ਹਾਂ ਰੰਗਰੂਟਾਂ ਨੂੰ ਛੋਟੇ ਛਟੇ ਗਰੁਪਾਂ ਵਿਚ ਫੌਜ ਤੋਂ ਡਿਸਚਾਰਜ ਕੀਤਾ ਜਾ ਰਿਹਾ ਹੈ।

ਪਤਾ ਲਗਾ ਹੈ ਕਿ ਕਰੀਬ ਪੰਜ ਸੌ ਤੋਂ ਵੀ ਵਧ ਮਾਮਲੇ ਇਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਸਾਹਮਣੇ ਆ ਚੁਕੇ ਹਨ, ਜਿਨ੍ਹਾਂ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਤੋਂ ਰੋਜ਼ਗਾਰ ਦੀ ਮੰਗ ਕੀਤੀ ਹੈ। ਤਕਰੀਬਨ ਬੀਤੇ ਕਈ ਦਿਨਾਂ ਤੋਂ ਇਹੋ ਜਿਹੇ ਰੰਗਰੂਟਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾ ਰਿਹਾ ਹੈ ਤੇ ਉਹ ਡਿਸਚਾਰਜ ਹੋਣ ਤੋਂ ਬਾਅਦ ਇਥੇ ਆ ਕੇ ਆਪਣੀਆਂ ਮੁਸ਼ਕਲਾਂ ਦਸਦੇ ਹਨ ਅਤੇ ਰੋਜ਼ਗਾਰ ਸੰਬੰਧੀ ਸਹੂਲਤਾਂ ਦੀ ਮੰਗ ਕਰਦੇ ਹਨ। ਇਹ ਰੰਗਰੂਟ, ਜਿਨ੍ਹਾਂ ਦੀ ਉਮਰ ੧੮ ਤੋਂ ੨੦ ਸਾਲ ਦੇ ਲਾਗੇ ਚਾਗੇ ਹੁੰਦੀ ਹੈ, ਬਹੁਤੇ ਬਿਹਾਰ ਦੇ ਰਾਮਗੜ੍ਹ ਟਰੇਨਿੰਗ ਸੈਂਟਰ ਦੇ ਹਨ। ਬੈਰਕਾਂ ਵਿਚੋਂ ਬਾਹਰ ਦੌੜਨ ਦੇ ਉਪਰੰਤ ਬਹੁਤਿਆਂ ਨੂੰ ਬਨਾਰਸ ਜਾਂ ਗਯਾ ਜੇਲ੍ਹ ਵਿਚ ਰਖਿਆ ਗਿਆ। ਕੋਰਟ ਮਾਰਸ਼ਲ ਉਪਰੰਤ ੨੮ ਦਿਨ ਦੀ ਕੈਦ ਦੀ ਸਜ਼ਾ ਉਪਰੰਤ ਇਨ੍ਹਾਂ ਨੂੰ ਡਿਸਚਾਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਜਾਣਕਾਰੀ ਮੁਤਾਬਿਕ ਭਗੌੜੇ ਰੰਗਰੂਟਾਂ ਦੀ ਗਿਣਤੀ ਸਤ ਹਜ਼ਾਰ ਤੋਂ ਵੀ ਵਧ ਹੈ।

ਇਨ੍ਹਾਂ ਰੰਗਰੂਟਾਂ ਦੀ ਡਿਸਚਾਰਜ ਸਲਿਪ ਤੇ ਲਿਖਿਆ ਹੈ ਕਿ 'ਇਹ ਚਰਿਤਰ ਦੇ ਚੰਗੇ ਅਤੇ ਸਿਹਤ ਪਖੋਂ ਠੀਕ ਹਨ।' ਡਿਸਚਾਰਜ ਕਰਨ ਦਾ ਕਾਰਨ ਇਹ ਲਿਖਿਆ ਹੈ ਕਿ ਇਹ 'ਚੰਗਾ ਸਿਪਾਹੀ ਬਣਨ ਦੇ ਲਾਇਕ ਨਹੀਂ ਹੈ।' ਇਸ ਤੋਂ ਇਲਾਵਾ ਕੋਈ ਦੋਸ਼ ਨਹੀਂ ਲਾਇਆ ਗਿਆ। ਡਿਸਚਾਰਜ ਹੋਏ ਫੌਜੀ ਰੰਗਰੂਟਾਂ ਦੇ ਇਕ ਗਰੁਪ ਨਾਲ 'ਅਜੀਤ ਪ੍ਰਤੀਨਿਧ' ਨੇ ਗੱਲਬਾਤ ਕੀਤੀ ਤਾਂ ਉਨ੍ਹਾਂ ਦਸਿਆ ਕਿ ਟਰੇਨਿੰਗ ਲੈ ਰਹੇ ਫੌਜੀਆਂ (ਰੰਗਰੂਟਾਂ) ਨੂੰ ਉਨ੍ਹਾਂ ਦਾ ਕਮਾਂਡਰ ਜੇ ਚਾਹਵੇ ਤਾਂ ਟਰੇਨਿੰਗ ਸਮੇਂ ਦੌਰਾਨ ਬਿਨਾਂ ਕਾਰਨ ਦਸੇ ਕਿਸੇ ਵੀ ਰੰਗਰੂਟ ਨੂੰ ਕਿਸੇ ਵੇਲੇ ਵੀ ਡਿਸਚਾਰਜ ਕਰ ਸਕਦਾ ਹੈ। ਮਿਲਟਰੀ ਕਾਨੂੰਨ ਦੇ ਤਹਿਤ ਰੰਗਰੂਟ ਕਿਸੇ ਵੀ ਅਦਾਲਤ ਵਿਚ ਇਸ ਸੰਬੰਧੀ ਅਪੀਲ ਨਹੀਂ ਕਰ ਸਕਦਾ। ਟਰੇਨਿੰਗ ਦੇ ਨਿਯਮਾਂ ਮੁਤਾਬਕ ਇਸ ਸੰਬੰਧੀ ਪਹਿਲਾਂ ਰੰਗਰੂਟ ਦੇ ਦਸਖਤ ਟਰੇਨਿੰਗ ਫਾਰਮਾਂ ਤੇ ਹੁੰਦੇ ਹਨ। ਉਨ੍ਹਾਂ ਦਸਿਆ ਕਿ ਰੰਗਰੂਟਾਂ ਨੂੰ ਟਰੇਨਿੰਗ ਦੌਰਾਨ ਦੇਸ਼-ਭਗਤੀ ਦੀ ਸਹੁੰ ਨਹੀਂ ਚੁਕਾਈ

---

✿ਸੀ। ਗਰੀਬ ਲਾਲੋ ਦ ਘਰ ਠਹਿਰੇ, ਪ੍ਰਸ਼ਾਦਾ ਛਕਿਆ। ਪਰ ਹੁਣ ਮਾਲਕ ਭਾਗੋਆਂ ਨੂੰ ਸਿਰਪਾਉ ਦੇਕੇ ਨਿਵਾਜਿਆ ਜਾਂਦਾ ਹੈ ਤੇ ਗਰੀਬ ਲਾਲੋ ਨੂੰ ਥਾਂ ਥਾਂ ਤ੍ਰਿਸਕਾਰਿਆ ਜਾ ਰਿਹਾ ਹੈ। ਸ਼ਾਇਦ ਗੁਰੂ ਜੀ ਫਿਰ ਗਰੀਬਾਂ ਤੇ ਕਦੀ ਤਰਸ ਕਰਨ ? ਹਾਲੀ ਤਾਂ ਅਮੀਰਾਂ ਦੇ ਰਹਿਮ ਤੇ ਹੀ ਗਰੀਬਾਂ ਦਾ ਜਿਉਣਾ ਹੈ। ਕਿਥੇ ਫਰਿਆਦ ਕਰੀਏ ?

ਪੰਥ ਦੇ ਮਲਾਹੋ ! ਕੁਝ ਖੌਫ਼ ਖਾਉ, ਤੁਸੀਂ ਸਿੱਖੀ ਦਾ ਸਹੀ ਸਰੂਪ ਅੱਜ ਤਕ ਸਾਡੇ ਤਕ ਨਹੀਂ ਪੁਜਣ ਦਿਤਾ। ਤੁਹਾਡੀਆਂ ਗੱਦੀਆਂ ਡਾਵਾਂ ਡੋਲ ਹੋ ਜਾਣ ਤਾਂ 'ਪੰਥ ਖਤਰੇ ਵਿਚ' ਦਾ ਬਿਗਲ ਵਜਾ ਦਿਤਾ ਜਾਂਦਾ ਹੈ। ਪਰ ਕੀਤਾ ਹੈ ਕਦੀ ਸਿੱਖੀ ਦੇ ਸੋਹਣੇ ਅਸੂਲਾਂ ਦਾ ਪ੍ਰਚਾਰ ? —ਗੜਤੋੜ ਸਿੰਘ, ਅਜੀਤ, ੨੧-੫-੮੫



www.AKJ.Org

ਜਾਂਦੀ। ਇਸ ਲਈ ਉਹ ਕੋਰਟ ਮਾਰਸ਼ਲ ਦੇ ਘੇਰੇ ਵਿਚ ਨਹੀਂ ਆਉਂਦੇ ਤੇ ਹਲਕੀ ਸਜ਼ਾ ਦੇ ਕੇ ਵਧ ਤੋਂ ਵਧ ਸਿਪਾਹੀ ਬਣਨ ਤੋਂ ਪਹਿਲਾਂ ਉਨ੍ਹਾਂ ਨੂੰ ਨੌਕਰੀ ਤੋਂ ਕਢਿਆ ਜਾ ਸਕਦਾ ਹੈ। ਟਰੇਨਿੰਗ ਹੋਣ ਤੋਂ ਉਪਰੰਤ ਜਦੋਂ ਸਿਪਾਹੀ ਬਣਾਇਆ ਜਾਂਦਾ ਹੈ ਤਾਂ ਮਿਲਟਰੀ ਕਾਨੂੰਨ ਮੁਤਾਬਿਕ ਸਿਪਾਹੀ ਨੂੰ 'ਸਹੁੰ' ਚੁਕਾਈ ਜਾਂਦੀ ਹੈ। ਉਸ ਵੇਲੇ ਕੋਈ ਫੌਜੀ ਕੁਤਾਹੀ ਜਾਂ ਡਸਿਪਲਨ ਭੰਗ ਕਰੇ ਤਾਂ ਮਿਲਟਰੀ ਕਾਨੂੰਨ ਮੁਤਾਬਿਕ ਜੇਲ੍ਹ ਤੋਂ ਲੈ ਕੇ ਮੌਤ ਦੀ ਸਜ਼ਾ ਤਕ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦਸਿਆ ਕਿ ਇਸ ਵੇਲੇ ਉਨ੍ਹਾਂ ਸਿੱਖ-ਸਿਪਾਹੀਆਂ ਜਾਂ ਅਫਸਰਾਂ ਵਿਰੁਧ, ਜਿਨ੍ਹਾਂ ਦਾ ਕੋਰਟ ਮਾਰਸ਼ਲ ਜਾਰੀ ਹੈ, ਵਖ ਵਖ ਥਾਵਾਂ ਤੇ ਉਨ੍ਹਾਂ ਦੀ ਗਿਣਤੀ ਚਾਰ ਤੋਂ ਪੰਜ ਹਜ਼ਾਰ ਦੇ ਅੰਦਰ ਹੈ। ਬਹੁਤ ਸਾਰੇ ਰੰਗਰੂਟ ਤੇ ਸਿਪਾਹੀ ਮੁਕਾਬਲਿਆਂ ਦੌਰਾਨ ਮਾਰੇ ਗਏ ਸਨ।

ਉਨ੍ਹਾਂ ਦਸਿਆ ਕਿ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਦੌਰਾਨ ਰਾਮਗੜ੍ਹ ਟਰੇਨਿੰਗ ਸੈਂਟਰ ਵਿਚ ਦੂਜੇ ਫਿਰਕੇ ਦੇ ਲੋਕਾਂ ਵਲੋਂ ਇਹ ਸ਼ੋਰ ਪਾਉਣਾ ਸ਼ੁਰੂ ਕਰ ਦਿਤਾ ਗਿਆ ਕਿ ਦਰਬਾਰ ਸਾਹਿਬ ਪੂਰੀ ਤਰ੍ਹਾਂ ਤਬਾਹ ਕਰ ਦਿਤਾ ਗਿਆ ਹੈ। ਪੰਜਾਬ ਅੰਦਰ ਸਿੱਖਾਂ ਨੂੰ ਫ਼ੌਜ ਵਲੋਂ ਮਾਰਿਆ ਜਾ ਰਿਹਾ ਹੈ, ਘਰਾਂ ਨੂੰ ਲੁਟ ਲਿਆ ਗਿਆ ਹੈ ਤੇ ਧੀਆਂ ਭੈਣਾਂ ਦੀ ਇਜ਼ਤ ਨੂੰ ਹੱਥ ਪਾਇਆ ਜਾ ਰਿਹਾ ਹੈ। ਇਹ ਚਰਚਾ ਕੈਂਪ ਵਿਚ ਫੈਲਦਿਆਂ ਹੀ ਰੰਗਰੂਟ ਤੇ ਫ਼ੌਜੀ ਆਪਣੇ ਧਾਰਮਕ ਜਜ਼ਬਾਤਾਂ ਨੂੰ ਨਾ ਰੋਕ ਸਕੇ ਤੇ ਬੈਰਕਾਂ ਤੋਂ ਹਥਿਆਰਾਂ ਸਮੇਤ ਘਰਾਂ ਨੂੰ ਦੌੜਨ ਲਈ ਬਾਹਰ ਆ ਗਏ। ਰਸਤੇ ਵਿਚ ਕਈ ਥਾਈਂ ਮੁਕਾਬਲੇ ਹੋਏ ਤੇ ਬਹੁਤ ਸਾਰੇ ਫੌਜੀ ਤੇ ਰੰਗਰੂਟ ਮਾਰੇ ਗਏ। ਉਨ੍ਹਾਂ ਦਸਿਆ ਕਿ ਗ੍ਰਿਫਤਾਰੀ ਤੋਂ ਉਪਰੰਤ ਬਨਾਰਸ, ਗਯਾ ਜਾਂ ਹੋਰ ਜੇਲ੍ਹਾਂ ਵਿਚ ਰੰਗਰੂਟਾਂ ਨੂੰ ਰਖਿਆ ਗਿਆ। ਇਨ੍ਹਾਂ ਵਿਚੋਂ ਕਈ ਅਤਿ ਦੇ ਗਰੀਬ ਘਰਾਣੇ ਦੇ ਨੌਜਵਾਨ ਸਨ। ਉਨ੍ਹਾਂ ਅੰਦਰ ਬੇਰੋਜ਼ਗਾਰ ਹੋਣ ਦੀ ਸੂਰਤ ਵਿਚ ਪਰਿਵਾਰ ਦਾ ਖਰਚਾ ਚਲਾਉਣ ਪ੍ਰਤੀ ਗੰਭੀਰ ਚਿੰਤਾ ਪਾਈ ਜਾਂਦੀ ਹੈ।

ਦੂਜੇ ਬੰਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਬੁਲਾਰੇ ਅਨੁਸਾਰ ਕਰੀਬ ੩੫੦੦ ਸੌ ਸਿੱਖ ਫੌਜੀਆਂ ਦੇ ਮਾਮਲੇ ਉਨ੍ਹਾਂ ਪਾਸ ਹੁਣ ਤਕ ਆ ਚੁਕੇ ਹਨ ਤੇ ਇਨ੍ਹਾਂ ਫੌਜੀਆਂ ਨੂੰ ਇਨਸਾਫ ਦੀ ਮੰਗ ਲਈ ਸੁਪਰੀਮ ਕੋਰਟ ਅਗੇ ਅਪੀਲ ਕਰਨ ਵਾਸਤੇ ਸੁਪਰੀਮ ਕੋਰਟ ਦੇ ਵਕੀਲਾਂ ਦੀ ਮਦਦ ਦਿਤੀ ਜਾ ਰਹੀ ਹੈ, ਜਿਸਦਾ ਸਾਰੇ ਦਾ ਸਾਰਾ ਖਰਚ ਸ਼੍ਰੋਮਣੀ ਕਮੇਟੀ ਉਠਾਉਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਲੋੜ ਅਨੁਸਾਰ ਮਾਲੀ ਸਹਾਇਤਾ ਵੀ ਦਿਤੀ ਜਾਂਦੀ ਹੈ। ਹੁਣ ਤਕ ਉਤਰ ਪ੍ਰਦੇਸ਼, ਰਾਜਸਥਾਨ, ਸਿਲੀਗੁੜ੍ਹੀ, ਮਧ ਪ੍ਰਦੇਸ਼ ਅਤੇ ਦਿੱਲੀ ਵਿਚ ਵਡੇ ਖਰਚੇ ਤੇ ਸੁਪਰੀਮ ਕੋਰਟ ਦੇ ਉਚ ਕੋਟੀ ਦੇ ਵਕੀਲ ਇਨ੍ਹਾਂ ਫੌਜੀਆਂ ਦੀ ਅਪੀਲ ਤੇ ਮੁਕਦਮਿਆਂ ਦੀ ਪੈਰਵੀ ਲਈ ਕੀਤੇ ਜਾ ਚੁਕੇ ਹਨ। ਬੁਲਾਰੇ ਨੇ ਦਸਿਆ ਕਿ ਇਸ ਵੇਲੇ ਸਿੱਖ ਪੰਥ ਅਗੇ ਇਨ੍ਹਾਂ ਬੇਰੋਜ਼ਗਾਰ ਹੋ ਰਹੇ ਸਿੱਖ ਨੌਜਵਾਨਾਂ ਦੇ ਰੋਜ਼ਗਾਰ ਦਾ ਮਸਲਾ ਸਭ ਤੋਂ ਗੰਭੀਰ ਹੈ। ਕਮੇਟੀ ਵਲੋਂ ਇਨ੍ਹਾਂ ਨੂੰ ਰੋਜ਼ਗਾਰ ਦੇਣ ਵਾਸਤੇ ਛੇਤੀ ਹੀ ਯੋਗ ਪ੍ਰਬੰਧ ਜਾਂ ਮਦਦ ਦਿਤੇ ਜਾਣ ਸੰਬੰਧੀ ਸਕੀਮ ਤਿਆਰ ਕੀਤੇ ਜਾਣ ਦੀ ਆਸ ਹੈ: ਬੁਲਾਰੇ ਨੇ ਦਸਿਆ ਕਿ ਰੰਗਰੂਟਾਂ ਜਾਂ ਫੌਜੀਆਂ ਦੀ ਫੌਰੀ ਮਦਦ ਵੀ ਕਮੇਟੀ ਵਲੋਂ ਕੀਤੀ ਜਾ ਰਹੀ ਹੈ। ਅਜੀਤ ੭-੫-੮੫

## ਅੱਡਾ-ਕੰਡਕਟਰ ਅੱਤਵਾਦੀ ਕਿਵੇਂ ਬਣਿਆ?

### ਪੁਲਸ-ਕਹਾਣੀ ਤੋਂ ਸਾਰੇ ਹੈਰਾਨ—

ਅੰਮ੍ਰਿਤਸਰ ੮ ਮਈ—(ਸਟਾਫ ਰਿਪੋਰਟਰ) ਪਿਛਲੀ ਤਿੰਨ ਮਈ ਨੂੰ ਅੰਮ੍ਰਿਤਸਰ ਪੁਲਸ ਨੇ ਦੋ ਕਥਿਤ ਅੱਤਵਾਦੀਆਂ ਅਵਤਾਰ ਸਿੰਘ ਤੇ ਅਜੀਤ ਸਿੰਘ ਨੂੰ ਜੋ ਗ੍ਰਿਫਤਾਰ ਕੀਤਾ ਸੀ ਤੇ ਉਨ੍ਹਾਂ ਬਾਰੇ ਹੁਣ ਅਸਲੀਅਤ ਸਾਹਮਣੇ ਆਈ ਹੈ। ਪੁਲਸ ਨੇ ਇਨ੍ਹਾਂ ਬਾਰੇ ਦਾਅਵਾ ਕੀਤਾ ਸੀ ਕਿ ਉਸ ਨੇ ਪਾਕਿਸਤਾਨ ਤੋਂ ਟਰੇਨਿੰਗ ਲੈ ਕੇ ਆ ਰਹੇ ਦੋ ਅੱਤਵਾਦੀਆਂ ਨੂੰ ਮੁਕਾਬਲੇ ਪਿਛੋਂ ਫੜਿਆ ਹੈ। ਇਹ ਜ਼ਿਲਾ ਗੁਰਦਾਸਪੁਰ ਵਿਚ ਫਤਹਿਗੜ੍ਹ ਚੂੜੀਆਂ ਨੇੜੇ ਹੋਇਆ ਦਸਿਆ ਗਿਆ ਸੀ। ਅਜੀਤ ਸਿੰਘ ਕੋਲੋਂ ੪੫੫ ਬੋਰ ਦਾ ਰਿਵਾਲਵਰ ਤੇ ੧੩ ਪਕੇ ਕਾਰਤੂਸ ਤੇ ਅਵਤਾਰ ਸਿੰਘ ਕੋਲੋਂ ਦੋ ਪਕੇ ਕਾਰਤੂਸ ਤੇ ਇਕ ੩੨ ਬੋਰ ਦਾ ਪਾਕਿਸਤਾਨ ਦਾ ਬਣਿਆ ਰਿਵਾਲਵਰ ਮਿਲਣ ਦਾ



www.AKJ.Org

ਦਾਅਵਾ ਕੀਤਾ ਗਿਆ ਸੀ।

ਸਾਡੇ ਸਟਾਫ ਰਿਪੋਰਟਰ ਨੇ ਇਨ੍ਹਾਂ ਦੁਹਾਂ ਬਾਰੇ ਜਦੋਂ ਖੋਜ ਕੀਤੀ ਤਾਂ ਕਹਾਣੀ ਕੁਝ ਹੋਰ ਹੀ ਨਿਕਲੀ, ਜੋ ਇਸ ਤਰ੍ਹਾਂ ਹੈ—ਇਨ੍ਹਾਂ ਫੜੇ ਦੁਹਾਂ ਵਿਚੋਂ ਇਕ ਅਵਤਾਰ ਸਿੰਘ ਨਾਮੀ ਵਿਅਕਤੀ, ਜੋ ਕਿ ਜ਼ਿਲੇ ਦੇ ਪਿੰਡ ਮੋਹਲੇਕੇ ਚਾਬ ਲੋਪੋਕੇ ਦਾ ਨਿਵਾਸੀ ਹੈ, ਨਿਗਮ ਟਰਾਂਸਪੋਰਟ ਅੰਮ੍ਰਿਤਸਰ ਵਿਚ ਅੱਡਾ ਕੰਡਕਟਰ ਲਗਾ ਹੋਇਆ ਹੈ ਅਤੇ ਬੀਤੇ ਚਾਰ ਮਹੀਨੇ ਤੋਂ ਇਹ ਲਗਾਤਾਰ ਆਪਣੀ ਡਿਊਟੀ ਤੇ ਆ ਰਿਹਾ ਹੈ। ਹਮੇਸ਼ਾ ਦੀ ਤਰ੍ਹਾਂ ਪਹਿਲੀ ਮਈ ਨੂੰ ਇਹ ਸਵੇਰੇ ਆਪਣੀ ਡਿਊਟੀ ਤੇ ਅੰਮ੍ਰਿਤਸਰ ਆਇਆ। ਸ਼ਾਮ ਨੂੰ ਡਿਊਟੀ ਦੇਣ ਉਪਰੰਤ ਸਵਾ ਪੰਜ ਵਜੇ ਆਖਰੀ ਬਸ ਬੁਕ ਕਰਕੇ ਘਰ ਗਿਆ। ਡਿਊਟੀ ਰਜਿਸਟਰ ਤੇ ਉਸਦੇ ਦਸਖਤ ਹਨ। ਇਸ ਦੇ ਨਾਲ ਹੀ ਟਿਕਟਾਂ ਦੀ ਰਿਜਵੇਸ਼ਨ ਦੇ ੧੨੦੦ ਰੁਪਏ ਤੇ ਟਿਕਟਾਂ ਵੀ ਆਪਣੇ ਘਰ ਲੈ ਗਿਆ। ਉਹ ਹਮੇਸ਼ਾ ਹੀ ਏਦਾਂ ਕਰਦਾ ਸੀ।

ਉਸੇ ਦਿਨ ਰਾਤ ਨੂੰ ਕਰੀਬ ਪੌਣੇ ਬਾਰ੍ਹਾਂ ਵਜੇ ਪੁਲਸ ਪਾਰਟੀ ਉਸ ਦੇ ਪਿੰਡ ਮੋਹਲੇਕੇ ਪਹੁੰਚੀ। ਉਸ ਨਾਲ ਇਕ ਐਸ. ਪੀ ਅਤੇ ਇਕ ਡੀ. ਐਸ. ਪੀ. ਵੀ ਸੀ। ਇਹ ਪੁਲਸ ਪਾਰਟੀ ਸਿਵਲ ਲਾਈਨ ਦੀ ਸੀ। ਇਹ ਗਲ ਅਵਤਾਰ ਸਿੰਘ ਦੀ ਪਤਨੀ ਲਖਮੀਰ ਕੌਰ ਨੇ ਦਸੀ। ਪੁਲਸ ਨੇ ਆਖਿਆ ਕਿ ਅਵਤਾਰ ਸਿੰਘ ਨੂੰ ਲੈ ਜਾਣਾ ਹੈ ਅਤੇ ਥੋੜ੍ਹੀ ਦਰ ਬਾਅਦ ਛਡ ਜਾਵਾਂਗੇ। ਅਵਤਾਰ ਸਿੰਘ ਨੇ ਕਸੂਰ ਪੁਛਿਆ ਤਾਂ ਕੁਝ ਨਹੀਂ ਦਸਿਆ ਗਿਆ ਤੇ ਉਸ ਨੂੰ ਜੀਪ ਵਿਚ ਪਾ ਕੇ ਪੁਲਸ ਲੈ ਗਈ। ਲਖਮੀਰ ਕੌਰ ਨੇ ਨਾਲ ਦੇ ਘਰ ਆਪਣੇ ਸਹੁਰੇ ਤੇ ਜੇਠ ਨੂੰ ਇਸ ਦੀ ਇਤਲਾਹ ਕੀਤੀ ਤੇ ਪਿੰਡ ਦੇ ਸਰਪੰਚ ਨੂੰ ਵੀ ਵਾਪਰੀ ਗੱਲ ਦਸੀ ਗਈ। ਇਸ ਤੋਂ ਪਹਿਲਾਂ ਪਤਨੀ ਨੇ ਪੁਲਸ ਨੂੰ ਇਹ ਵੀ ਕਿਹਾ ਕਿ ਉਸ ਦੇ ਪਤੀ ਨੇ ਸਵੇਰੇ ਡਿਊਟੀ ਜਾਣਾ ਹੈ। ਰਾਤ ਨੂੰ ਘਰ ਨਾ ਆਉਣ ਤੇ ਲਖਮੀਰ ਕੌਰ ਨੇ ੨ ਮਈ ਨੂੰ ਸਵੇਰੇ ਅੰਮ੍ਰਿਤਸਰ ਬੱਸ ਅੱਡੇ ਤੇ ਆ ਕੇ ਕੈਸ਼ੀਅਰ ਨੂੰ ਬੁਕਿੰਗ ਦੇ ੧੨੦੦ ਰੁਪਏ ਤੇ ਬਾਕੀ ਦੀਆਂ ਟਿਕਟਾਂ ਵਾਪਸ ਕੀਤੀਆਂ, ਇਸ ਰਸੀਦ ਤੇ ਲਖਮੀਰ ਕੌਰ ਦੇ ਦਸਖਤ ਹਨ। ਜਦੋਂ ਇਹ ਗਲ ਨਿਗਮ ਟਰਾਂਸਪੋਰਟ ਇੰਪਲਾਈਜ਼ ਯੂਨੀਅਨ ਨੂੰ ਪਤਾ ਲਗੀ, ਤਾਂ ਉਹਨਾਂ ਉਸਦੀ ਪਤਨੀ ਵਲੋਂ ਉਸੇ ਵੇਲੇ ਤਾਰਾਂ ਰਾਹੀਂ ਪੰਜਾਬ ਦੇ ਗਵਰਨਰ, ਇੰਸਪੈਕਟਰ ਜਨਰਲ ਪੁਲਸ ਅਤੇ ਨਿਗਮ ਟਰਾਂਸਪੋਰਟ ਦੇ ਜਨਰਲ ਮੈਨੇਜਰ ਨੂੰ ਸੂਚਿਤ ਕੀਤਾ ਕਿ ਅਵਤਾਰ ਸਿੰਘ ਨੂੰ ਪੁਲਸ ਨਜਾਇਜ਼ ਤੌਰ ਤੇ ਫੜ ਕੇ ਕਿਸੇ ਅਣਦਸੀ ਥਾਂ ਤੇ ਲੈ ਗਈ ਹੈ। ਇਥੇ ਹੀ ਬਸ ਨਹੀਂ, ਇਸੇ ਹੀ ਦਿਨ ਯੂਨੀਅਨ ਦਾ ਇਕ ਵਫਦ ਜ਼ਿਲੇ ਦੇ ਐਸ.ਐਸ. ਪੀ. ਬੂਆ ਸਿੰਘ ਅਤੇ ਨਿਗਮ ਟਰਾਂਸਪੋਰਟ ਦੇ ਏ. ਡੀ. ਸੀ. ਧਰਮਪਾਲ ਗੁਪਤਾ ਨੂੰ ਵੀ ਮਿਲਿਆ ਤੇ ਇਨਸਾਫ ਦੀ ਮੰਗ ਕੀਤੀ, ਪਰ ਉਹਨਾਂ ਵਲੋਂ ਕੋਈ ਸੰਤੋਸ਼ਜਨਕ ਉਤਰ ਨਾ ਮਿਲਿਆ। ਇਹ ਸਾਰੀ ਕਾਰਵਾਈ ੨ ਮਈ ਨੂੰ ਹੋ ਚੁਕੀ ਸੀ। ਨਿਗਮ ਟਰਾਂਸਪੋਰਟ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਚੰਨਣ ਸਿੰਘ ਨੇ ਦਸਿਆ ਕਿ ਚਾਰ ਮਈ ਦੀਆਂ ਅਖ਼ਬਾਰਾਂ ਪੜ੍ਹ ਕੇ ਅਤਿ ਦੀ ਹੈਰਾਨੀ ਹੋਈ ਕਿ ਅਵਤਾਰ ਸਿੰਘ ਤੇ ਪਾਕਿਸਤਾਨ ਤੋਂ ਹਥਿਆਰਾਂ ਦੀ ਸਿਖਲਾਈ ਲੈ ਕੇ ਵਾਪਸੀ ਆਉਣ ਵੇਲੇ ਪੁਲਸ ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਦਸਿਆ ਇਸ ਗੱਲ ਦੇ ਸਾਰੇ ਸਬੂਤ ਹਨ ਕਿ ਅਵਤਾਰ ਸਿੰਘ ਨੂੰ ਪੁਲਸ ਨੇ ਪਹਿਲੀ ਤਾਰੀਖ ਦੀ ਰਾਤ ਨੂੰ ਘਰੋਂ ਫ਼ੜਿਆ ਤੇ ਦੋ ਦਿਨ ਆਪਣੇ ਕੋਲ ਰਖਿਆ ਤੇ ਤਿੰਨ ਤਾਰੀਖ ਨੂੰ ਮੁਕਾਬਲਾ ਦਸ ਕੇ ਗ੍ਰਿਫਤਾਰੀ ਪਾ ਦਿਤੀ, ਜਦ ਕਿ ਪਹਿਲੀ ਤਾਰੀਖ ਦੇ ਡਿਊਟੀ ਰਜਿਸਟਰ ਅਤੇ ਇਸ ਤੋਂ ਇਕ ਹਫਤਾ ਪਹਿਲਾਂ ਤਕ ਦੀਆਂ ਸਾਰੀਆਂ ਤਰੀਕਾਂ ਤੇ ਹਾਜ਼ਰੀ ਰਜਿਸਟਰ ਤੇ ਉਸਦੇ ਦਸਖਤ ਹਨ।

ਬੀਤੀ ੬ ਮਈ ਨੂੰ ਹੋਈ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਰਾਹੀਂ ਇਸ ਗੱਲ ਦੀ ਚਿਤਾਵਨੀ ਦਿਤੀ ਗਈ ਕਿ ਨਿਰਦੋਸ਼ ਅਵਤਾਰ ਸਿੰਘ ਨੂੰ ਬਿਨਾਂ ਕਿਸੇ ਸ਼ਰਤ ਦੇ ਤੁਰੰਤ ਰਿਹਾਅ ਨਾ ਕੀਤਾ ਗਿਆ ਤਾਂ ਨਿਗਮ ਟਰਾਂਸਪੋਰਟ ਅਤੇ ਪੰਜਾਬ ਰੋਡਵਜ਼ ਅੰਮ੍ਰਿਤਸਰ ਦੀਆਂ ਫਸਟ ਅਤੇ ਸੈਕਿੰਡ ਦੀਆਂ ਸਾਰੀਆਂ ਜਥੇਬੰਦੀਆਂ ਰੋਸ ਵਜੋਂ ਸਖ਼ਤ ਕਦਮ ਚੁਕਣ ਲਈ ਮਜਬੂਰ ਹੋਣਗੀਆਂ, ਜਿਸ ਦੀ ਸਾਰੀ ਜ਼ਿਮੇਵਾਰੀ ਸਰਕਾਰ ਉਤੇ ਹੋਵੇਗੀ। ਅਵਤਾਰ ਸਿੰਘ ਦੀ ਪਤਨੀ ਨੇ ਦਸਿਆ ਕਿ ਅਵਤਾਰ ਸਿੰਘ ਨੂੰ ਫੜਨ ਵੇਲੇ ਘਰ ਦੀ ਤਲਾਸ਼ੀ ਵੀ ਪੁਲਸ ਵਲੋਂ ਲਈ ਗਈ, ਪਰ ਕੁਝ ਵੀ ਬ੍ਰਾਮਦ ਨਾ ਹੋਇਆ। —ਅਜੀਤ ੯-੫-੮੫



www.AKJ.Org

# ਕੀ ਇਹ ਅੱਤਵਾਦੀ ਹਨ ?

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਕਾਂਗਰਸੀ ਲੀਡਰ ਅਕਾਲੀ ਦਲ ਅਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਬਾਰ ਬਾਰ ਉਨ੍ਹਾਂ ਉਤੇ ਅੱਤਵਾਦੀ ਅਤੇ ਵੱਖਵਾਦੀ ਹੋਣ ਦਾ ਦੋਸ਼ ਲਗਾ ਰਹੇ ਹਨ। ਇਸ ਤੋਂ ਉਲਟ ਅਕਾਲੀ ਲੀਡਰਾਂ ਦਾ ਦਾਅਵਾ ਹੈ ਕਿ ਦਹਿਸ਼ਤਪ੍ਰਸਤੀ ਸਰਕਾਰ ਦੀ ਪੈਦਾਵਾਰ ਹੈ ਅਤੇ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਅੱਤਵਾਦ ਨੂੰ ਹਵਾ ਦੇ ਰਹੀਆਂ ਹਨ । ਇਸ ਗੱਲ ਦੀ ਪੁਸ਼ਟੀ ਕੁਝ ਸੀਨੀਅਰ ਪੁਲਸ ਅਧਿਕਾਰੀਆਂ ਨੇ ਵੀ ਕੀਤੀ ਹੈ। ਗੱਲਬਾਤ ਦੇ ਦੌਰਾਨ ਇਨ੍ਹਾਂ ਪੁਲਸ ਅਫਸਰਾਂ ਨੇ ਦਸਿਆ ਕਿ ਪੁਰਾਣੀ ਦੁਸ਼ਮਣੀ ਕੱਢਣ ਦੀ ਖਾਤਰ ਕਈ ਲੋਕ ਪੁਲਸ ਪਾਸ ਝੂਠੀਆਂ ਅਤੇ ਗਲਤ ਰਿਪੋਰਟਾਂ ਲਿਖਵਾ ਕੇ ਆਪਣੇ ਗਵਾਂਢੀਆਂ ਅਤੇ ਵਿਰੋਧੀਆਂ ਨੂੰ ਅੱਤਵਾਦੀ ਕਹਿ ਕੇ ਫੜਾ ਦਿੰਦੇ ਹਨ। ਪੁਲਸ ਵੀ ਆਪਣੀ ਸੂਝ ਬੂਝ ਤੋਂ ਕੰਮ ਨਹੀਂ ਲੈਂਦੀ ਅਤੇ ਕਿਸੇ ਦੇ ਕਹਿਣ ਉਤੇ ਹੀ ਬੇਗੁਨਾਹਾਂ ਨੂੰ ਫੜ ਕੇ ਉਨ੍ਹਾਂ ਉਤੇ ਤਸ਼ੱਦਦ ਕਰਦੀ ਹੈ। ਜਦੋਂ ਕੁਝ ਸਮੇਂ ਬਾਅਦ ਫੜੇ ਹੋਏ ਵਿਅਕਤੀਆਂ ਕੋਲੋਂ ਕੁਝ ਨਹੀਂ ਨਿਕਲਦਾ ਤਾਂ ਉਨ੍ਹਾਂ ਨੂੰ ਛੱਡ ਦ੍ਰਿਤਾ ਜਾਂਦਾ ਹੈ। ਇਹ ਬੇਗੁਨਾਹ ਅਤੇ ਭੋਲੇ ਭਾਲੇ ਲੋਕ ਜਦੋਂ ਪੁਲਸ ਦੀ ਮਾਰ ਖਾ ਕੇ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਜ਼ਖਮੀ ਹੋਈਆਂ ਹੁੰਦੀਆਂ ਹਨ ਅਤੇ ਉਨ੍ਹਾਂ ਅੰਦਰ ਵਿਦਰੋਹ ਦਾ ਲਾਵਾ ਫੁਟ ਪੈਂਦਾ ਹੈ।

ਕਈ ਵਾਰ ਪੁਲਸ ਆਪ ਹੀ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਝੂਠੇ ਪੁਲਸ-ਮੁਕਾਬਲੇ ਦਿਖਾ ਕੇ ਬੇਗੁਨਾਹਾਂ ਨੂੰ ਫੜ ਲੈਂਦੀ ਹੈ। ਪਿਛੇ ਜਿਹੇ ਇਕ ਸਫਾਈ ਮਜ਼ਦੂਰ ਨੂੰ ਜਦੋਂ ਉਹ ਜਲੰਧਰ ਛਾਉਣੀ ਦੇ ਮਿਲਟਰੀ ਹਸਪਤਾਲ ਦੇ ਅਹਾਤੇ ਤੋਂ ਬਾਹਰ ਨਿਕਲਦਿਆਂ ਪਸਤੌਲ ਦੀ ਗੋਲੀ ਲਗੀ ਸੀ ਤਾਂ ਸਾਰੇ ਪਾਸੇ ਹਾਹਾਕਾਰ ਮੱਚ ਗਈ ਅਤੇ ਅੱਤਵਾਦੀਆਂ ਦੀ ਭਾਲ ਸ਼ੁਰੂ ਹੋ ਗਈ । ਇਸ ਸੰਬੰਧ ਵਿਚ ਕੁਝ ਇਕ ਵਿਅਕਤੀਆਂ ਦੇ ਨਾਂ ਵੀ ਲਏ ਗਏ। ਪਰ ਮੌਕੇ ਤੇ ਮੌਜੂਦ ਇਕ ਸੂਝ ਬੂਝ ਵਾਲੇ ਪੁਲਸ ਅਫਸਰ ਨੇ ਇਸ ਕੇਸ ਦੀ ਤਹਿ ਤੱਕ ਪੁਜ ਕੇ ਇਹ ਸਾਬਤ ਕਰ ਦਿਤਾ ਕਿ ਇਹ ਗੋਲੀ ਇਕ ਪੁਲਸ ਪਾਰਟੀ ਵਲੋਂ ਰਿਵਾਲਵਰ ਚਲਾਉਣ ਦੀ ਸਿਖਲਾਈ ਲੈਂਦਿਆਂ ਚਲਾਈ ਗਈ ਸੀ। ਚਾਂਦਮਾਰੀ ਹਸਪਤਾਲ ਦੇ ਪਿਛਲੇ ਪਾਸੇ ਕੁਝ ਵਿਥ ਤੇ ਹੈ। ਇਸ ਪੁਲਸ ਅਫਸਰ ਦੀ ਸੂਝ ਬੂਝ ਕਾਰਨ ਕੁਝ ਬੇਗੁਨਾਹ ਲੋਕ ਅੱਤਵਾਦੀ ਬਨਣ ਤੋਂ ਬਚ ਗਏ।

ਸਾਡਾ ਕਹਿਣ ਦਾ ਭਾਵ ਇਹ ਹੈ ਕਿ ਬਹੁਤੀ ਵਾਰ ਅੱਤਵਾਦੀਆਂ ਦਾ ਹਊਆ ਪੁਲਸ ਦਾ ਆਪਣਾ ਪੈਦਾ ਕੀਤਾ ਹੋਇਆ ਹੁੰਦਾ ਹੈ। ਇਸ ਸੰਬੰਧ ਵਿਚ ਕੁਝ ਮਿਸਾਲਾਂ ਵੀ ਦਿਤੀਆਂ ਜਾ ਸਕਦੀਆਂ ਹਨ। ਅੰਮ੍ਰਿਤਸਰ ਦੀ ਇਕ ਖਬਰ ਵਿਚ ਦਸਿਆ ਗਿਆ ਹੈ ਕਿ ਇਕ ਅਵਤਾਰ ਸਿੰਘ ਨਾਮੀ ਵਿਅਕਤੀ ਜੋ ਕਿ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਲੋਪੋਕੇ ਦਾ ਰਹਿਣ ਵਾਲਾ ਹੈ, ਜਿਹੜਾ ਟ੍ਰਾਂਸਪੋਰਟ ਵਿਚ ਅੱਡਾ ਕੰਡਕਟਰ ਲੱਗਾ ਹੋਇਆ ਹੈ, ਉਹ ਪਹਿਲੀ ਮਈ ਨੂੰ ਅੰਮ੍ਰਿਤਸਰ ਆਪਣੀ ਡਿਊਟੀ ਦੇਣ ਉਪਰੰਤ ਆਖਰੀ ਬਸ ਤੇ ਘਰ ਚਲਾ ਗਿਆ। ਉਹ ਆਪਣੇ ਨਾਲ ਟਿਕਟਾਂ ਦੀ ਰਿਜ਼ਰਵੇਸ਼ਨ ਦੇ ੧੨੦੦ ਰੁਪਏ ਘਰ ਲੈ ਗਿਆ, ਜਿਸ ਤਰ੍ਹਾਂ ਕਿ ਉਹ ਹਮੇਸ਼ ਕਰਦਾ ਸੀ। ਪਰ ਉਸ ਦਿਨ ਰਾਤ ਨੂੰ ਪੁਲਸ ਪਾਰਟੀ ਨੇ ਉਸ ਦੇ ਘਰ ਛਾਪਾ ਮਾਰ ਕੇ ਉਸ ਨੂੰ ਇਹ ਕਹਿ ਕੇ ਫੜ ਲਿਆ ਕਿ ਉਸ ਨੇ ਪੁਲਸ ਮੁਕਾਬਲਾ ਕੀਤਾ ਸੀ।

ਇਉਂ ਹੀ ਸਾਨੂੰ ਪੰਜਾਬ ਦੀਆਂ ਵਖ ਵਖ ਜੇਲ੍ਹਾਂ ਵਿਚੋਂ ਸਿੱਖ ਨੌਜਵਾਨਾਂ ਦੇ ਪੱਤਰ ਪ੍ਰਾਪਤ ਹੋ ਰਹੇ ਹਨ। ਜਿਨ੍ਹਾਂ ਵਿਚ ਲਿਖਿਆ ਹੋਇਆ ਹੈ ਕਿ ਜੇਲ੍ਹ ਅਧਿਕਾਰੀਆਂ ਵਲੋਂ ਉਨ੍ਹਾਂ ਨਾਲ ਅਣਮਨੁਖੀ ਵਰਤਾਉ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਰਹਿਣ ਸਹਿਣ ਦੀਆਂ ਘਟੋ ਘਟ ਸਹੂਲਤਾਂ ਵੀ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ। ਕਿਸੇ ਨਜ਼ਰਬੰਦ ਨੇ ਭਾਵੇਂ ਕਿੰਨਾਂ ਵਡਾ ਵੀ ਕਸੂਰ ਕੀਤਾ ਹੋਵੇ, ਸਜ਼ਾ ਦੇਣ ਦਾ ਹੱਕ ਸਿਰਫ ਅਦਾਲਤ ਨੂੰ ਹੈ, ਜੇਲ੍ਹ ਅਧਿਕਾਰੀਆਂ ਨੂੰ ਨਹੀਂ। ਨਜ਼ਰਬੰਦੀ ਦੇ ਦੌਰਾਨ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਵਿਚ ਕਈ ਬੇਗੁਨਾਹ ਵੀ ਹੋ ਸਕਦੇ ਹਨ, ਖਾਹਮਖਾਹ ਦੇ ਤਸੀਹੇ ਦੇ ਕੇ ਸਰਕਾਰ-ਵਿਰੋਧੀ ਬਣਾਉਣ ਵਾਲੇ ਇਹ ਜੇਲ੍ਹ ਅਧਿਕਾਰੀ ਹੀ ਹਨ।



www.AKJ.Org

ਇਸੇ ਤਰ੍ਹਾਂ ਹੀ ਇਕ ਖਬਰ ਤਰਨਤਾਰਨ ਲਾਗੇ ਪਿੰਡ ਕੈਰੋਵਾਲ ਦੀ ਹੈ, ਜਿਸ ਵਿਚ ਇਕ ਵਿਦਿਆਰਥੀ ਨੂੰ ਉਸ ਦੇ ਘਰੋਂ ਫੜਿਆ ਗਿਆ, ਪਰ ਦਿਖਾਇਆ ਇਹ ਗਿਆ ਕਿ ਉਸ ਨੂੰ ਪੁਲਸ ਮੁਕਾਬਲੇ ਵਿਚ ਫੜਿਆ ਗਿਆ, ਹਾਲਾਂਕਿ ਉਸ ਦੀ ਗ੍ਰਿਫਤਾਰੀ ਸਮੇਂ ਉਸ ਪਿੰਡ ਦੀ ਸਾਰੀ ਪੰਚਾਇਤ ਮੌਜੂਦ ਸੀ ਅਤੇ ਉਸ ਕੋਲੋਂ ਤਲਾਸ਼ੀ ਸਮੇਂ ਕੁਝ ਵੀ ਨਹੀਂ ਮਿਲਿਆ ਸੀ।

ਚੰਡੀਗੜ੍ਹ ਵਿਚ ਜਿਨ੍ਹਾਂ ਪੰਜ ਕਥਿਤ ਅੱਤਵਾਦੀਆਂ ਨੂੰ ਕਲ ਸਤਾਰਾਂ ਮਈ ਤਕ ਪੁਲਸ ਤੇ ਜੁਡੀਸ਼ਲ ਰਿਮਾਂਡ ਦਿਤਾ ਗਿਆ ਹੈ, ਇਹ ਸਾਰੇ ਅਲ੍ਹੜ ਉਮਰ ਦੇ ਅਤੇ ਅਨਦਾੜ੍ਹੀਏ ਹਨ ਅਤੇ ਇਹ ਸਾਰੇ ਸਕੂਲ ਦੇ ਵਿਦਿਆਰਥੀ ਹਨ।

ਇਕ ਹੋਰ ਸੂਚਨਾ ਅਨੁਸਾਰ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਬੀਤੇ ਸਾਲ ਹੋਈ ਫੌਜੀ ਕਾਰਵਾਈ ਵਲੋਂ ਧਾਰਮਿਕ ਜਜ਼ਬਾਤਾਂ ਹੇਠ ਰੋਸ ਵਜੋਂ ਆਪਣੀਆ ਬੈਰਕਾਂ ਵਿਚੋਂ ਬਾਹਰ ਦੌੜਨ ਵਾਲੇ ਦੇਸ਼ ਭਰ ਦੇ ਹਜ਼ਾਰਾਂ ਹੀ ਸਿੱਖ ਫੌਜੀਆਂ ਅਤੇ ਟ੍ਰੇਨਿੰਗ ਲੈ ਰਹੇ ਰੰਗਰੂਟਾਂ ਨੂੰ ਬੇਰੁਜ਼ਗਾਰ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਵਖ ਵਖ ਥਾਵਾਂ ਤੇ ਵਡੀ ਗਿਣਤੀ ਵਿਚ ਸਿੱਖ ਅਧਿਕਾਰੀਆਂ ਅਤੇ ਅਫਸਰਾਂ ਵਿਰੁਧ ਫੌਜੀ ਅਦਾਲਤਾਂ ਵਿਚ ਮੁਕੱਦਮੇ ਚਲ ਰਹੇ ਹਨ ਜਦਕਿ ਦੂਜ ਪਾਸੇ ਟ੍ਰੇਨਿੰਗ ਲੈ ਰਹੇ ਰੰਗਰੂਟਾਂ ਵਿਚੋਂ ਬਹੁਤਿਆਂ ਨੂੰ ਫੌਜ ਦੀ ਨੌਕਰੀ ਤੋਂ ਕੱਢੇ ਜਾਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਇਨ੍ਹਾਂ ਰੰਗਰੂਟਾਂ ਨੂੰ ਛੋਟੇ ਛੋਟੇ ਗਰੁਪਾਂ ਵਿਚ ਫੌਜ ਤੋਂ ਡਿਸਚਾਰਜ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੇ ਲੋਕਾਂ ਨੂੰ ਜਦੋਂ ਬਾਹਰ ਆ ਕੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਵੇਗਾ ਤਾਂ ਇਨ੍ਹਾਂ ਦੀਆਂ ਭਾਵਨਾਵਾਂ ਕੀ ਹੋਣਗੀਆਂ ? ਇਸ ਬਾਰੇ ਕਿਸੇ ਨੂੰ ਕੋਈ ਗਲਤ ਫਹਿਮੀ ਨਹੀਂ।

ਇਹ ਸਾਰੀਆਂ ਉਦਾਹਰਣਾਂ ਦੇਣ ਦਾ ਸਾਡਾ ਮੰਤਵ ਇਹ ਹੈ ਕਿ ਸਰਕਾਰ ਜਾਣ ਬੁਝ ਕੇ ਸਿੱਖ ਨੌਜਵਾਨਾਂ ਵਿਚ ਬੇਦਿਲੀ ਤੇ ਰੋਸ ਦੀਆਂ ਭਾਵਨਾਵਾਂ ਭਰ ਰਹੀ ਹੈ। ਸਿੱਖ ਭਾਈਚਾਰੇ ਵਿਰੁਧ ਹੋ ਰਹੀਆਂ ਅਜਿਹੀਆਂ ਸਾਰੀਆਂ ਵਧੀਕੀਆਂ ਸਿੱਖ ਨੌਜਵਾਨਾਂ ਵਿਚ ਰੋਹ ਦੀ ਭਾਵਨਾ ਨੂੰ ਤੇਜ਼ ਕਰ ਰਹੀਆਂ ਹਨ। ਕੀ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਇਹ ਸਾਰੀਆਂ ਕਾਰਵਾਈਆਂ ਅੱਤਵਾਦ ਨੂੰ ਫੈਲਣ ਵਿਚ ਮਦਦ ਨਹੀਂ ਦੇ ਰਹੀਆਂ ? ਕੀ ਸਰਕਾਰ ਆਪ ਜਾਣ ਬੁਝ ਕੇ ਸਿੱਖ ਨੌਜਵਾਨਾਂ ਵਿਚ ਅੱਤਵਾਦ ਦਾ ਜਜ਼ਬਾ ਨਹੀਂ ਭੜਕਾ ਰਹੀ ? ਇਹ ਸਾਰੇ ਸਵਾਲ ਹਨ ਜਿਨ੍ਹਾਂ ਉਤੇ ਭਾਰਤ ਸਰਕਾਰ ਅਤੇ ਸਾਰੇ ਬੁਧੀਜੀਵੀਆਂ ਨੂੰ ਠੰਡੇ ਦਿਲ ਨਾਲ ਗ਼ੌਰ ਕਰਨਾ ਚਾਹੀਦਾ ਹੈ।

—ਅਜੀਤ, ਸਪਾਦਕੀ ਲੇਖ—੧੦-੫-੮੫

## ਹਰਿਆਣਾ ਚਿ ਸਿੱਖਾਂ ਤੇ 'ਨਾਦਰਸ਼ਾਹੀ' ਤਸ਼ੱਦਦ

ਅੰਬਾਲਾ, ੧੫ ਮਈ (ਅ ਸ)—ਪਿਛਲੇ ਹਫਤੇ ਦਿੱਲੀ ਅਤੇ ਹਰਿਆਣਾ ਸਮੇਤ ਉਤਰੀ ਭਾਰਤ ਵਿਚ ਹੋਏ ਬੰਬ ਧਮਾਕਿਆਂ ਅਤੇ ਅਮਰੀਕਾ ਵਿਚ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਦੇ ਕਤਲ ਦੀ ਕਥਿਤ ਸ਼ਾਜ਼ਿਸ਼ ਦਾ ਭੇਦ ਖੁਲ੍ਹਣ ਪਿਛੋਂ ਹਰਿਆਣਾ ਵਿਚ ਰਹਿੰਦੇ ਹਜ਼ਾਰਾਂ ਸਿੰਘਾਂ ਤੇ ਪੁਲਸ ਵਲੋਂ ਕਥਿਤ ਤੌਰ ਤੇ ਭਾਰੀ ਤਸ਼ੱਦਦ ਕਰਨ ਦੀਆਂ ਖਬਰਾਂ ਮਿਲੀਆਂ ਹਨ।

ਹਰਿਆਣਾ ਅਕਾਲੀ ਦਲ (ਮਾਸਟਰ) ਦੇ ਪ੍ਰਧਾਨ ਸ: ਕਰਤਾਰ ਸਿੰਘ ਟੱਕਰ, ਜੋ ਮੁਖ ਮੰਤਰੀ ਸ੍ਰੀ ਭਜਨ ਲਾਲ ਦੇ ਸਮਰਥਕਾਂ ਵਿਚੋਂ ਗਿਣੇ ਜਾਂਦੇ ਹਨ, ਨੇ ਅੱਜ 'ਅਜੀਤ' ਨੂੰ ਟੈਲੀਫੋਨ ਤੇ ਦਸਿਆ ਕਿ ਮੁਖ ਮੰਤਰੀ ਦੀ ਅਮਰੀਕਾ ਦੀ ਵਾਪਸੀ ਤੋਂ ਤੁਰੰਤ ਪਿਛੋਂ ਹੀ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਥਾਣਿਆਂ ਵਿਚ ਬੰਦ ਕਰ ਦਿਤਾ ਗਿਆ ਹੈ ਅਤੇ ਪੁਛ ਗਿਛ ਦੇ ਬਹਾਨੇ ਉਨ੍ਹਾਂ ਤੇ ਭਾਰੀ ਤਸ਼ੱਦਦ ਕੀਤਾ ਜਾ ਰਿਹਾ ਹੈ।

ਸ: ਟੱਕਰ ਨੇ ਕਿਹਾ ਕਿ ਉਹਨਾਂ ਨੇ ਜਦੋਂ ਵੀ ਇਸ ਸੰਬੰਧੀ ਜਿਸ ਵੀ ਜ਼ਿਲ੍ਹੇ ਦੇ ਉਚ ਅਧਿਕਾਰੀ ਕੋਲ ਮਾਮਲਾ ਉਠਾਇਆ ਤਾਂ ਉਨ੍ਹਾਂ ਨੇ ਆਪਣੀ ਬੇਵਸੀ ਜ਼ਾਹਿਰ ਕਰਦਿਆਂ 'ਉਪਰ' ਨਾਲ ਗੱਲ ਕਰਨ ਲਈ ਕਿਹਾ। ਸ: ਟੱਕਰ ਅਨੁਸਾਰ 'ਉਪਰ' ਦਾ ਇਸ਼ਾਰਾ ਉਹ ਨਹੀਂ ਸਮਝ ਸਕੇ ਕਿ ਇਹ ਮੁਖ ਮੰਤਰੀ ਸ੍ਰੀ ਭਜਨ



www.AKJ.Org

ਲਾਲ ਵਲ ਸੀ ਜਾਂ ਪ੍ਰਧਾਨ ਮੰਤਰੀ ਵਲ । ਫਿਰ ਵੀ ਉਨ੍ਹਾਂ ਨੇ ਸ੍ਰੀ ਭਜਨ ਲਾਲ, ਕੇਂਦਰੀ ਖੇਤੀ ਬਾੜੀ ਮੰਤਰੀ ਸਮੇਤ ਕਈ ਕੇਂਦਰੀ ਮੰਤਰੀਆਂ ਅਤੇ ਪ੍ਰਧਾਨ ਮੰਤਰੀ ਦੇ ਸਕੱਤਰ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਹੈ ਤੇ ਇਸ ਅਤਿਆਚਾਰ ਵਿਰੁਧ ਸਖਤ ਰੋਸ ਪ੍ਰਗਟ ਕੀਤਾ ਹੈ ।

ਅਕਾਲੀ ਨੇਤਾ ਨੇ ਕਿਹਾ ਕਿ ਹਰਿਆਣਾ ਪੁਲਸ ਦੇ ਇਸ ਤਸ਼ੱਦਦ ਦਾ ਨਤੀਜਾ ਇਹ ਹੋਵੇਗਾ ਕਿ ਇਥੇ ਵਸਦੇ ਸਿੱਖ ਉਜੜ ਕੇ ਪੰਜਾਬ ਚਲੇ ਜਾਣਗੇ, ਜਦੋਂ ਕਿ ਸਰਕਾਰ ਇਸ ਗੱਲ ਦੇ ਵਿਰੁਧ ਹੈ । ਉਨ੍ਹਾਂ ਮੁਖ ਮੰਤਰੀ ਨੂੰ ਕਿਹਾ ਕਿ ਸਿੱਖਾਂ ਤੇ ਤਸ਼ੱਦਦ ਤੁਰੰਤ ਰੋਕਿਆ ਜਾਵੇ, ਨਹੀਂ ਤਾਂ ਇਸ ਦੀ ਖ਼ਤਰਨਾਕ ਪ੍ਰਤੀਕਿਰਿਆ ਵੀ ਹੋ ਸਕਦੀ ਹੈ ।

ਸ: ਟੱਕਰ ਨੇ ਦਸਿਆ ਕਿ ਪੁਲਸ ਦੀ 'ਨਾਦਰਸ਼ਾਹੀ' ਇਸ ਕਦਰ ਵਧ ਗਈ ਹੈ ਕਿ ਉਹ ਜਿਸ ਵੀ ਕੇਸਰੀ ਦਸਤਾਰ ਵਾਲੇ ਸਿਖ ਨੂੰ ਦੇਖਦੀ ਹੈ, ਉਸ ਨੂੰ ਫੜ ਕੇ ਥਾਣੇ ਵਿਚ ਬੰਦ ਕਰ ਦਿਤਾ ਜਾਂਦਾ ਹੈ ਤੇ ਬੰਬ ਧਮਾਕਿਆਂ ਸੰਬੰਧੀ ਪੁਛਗਿਛ ਦੀ ਆੜ ਵਿਚ ਉਹਨਾਂ ਨਾਲ ਅਣ-ਮਨੁੱਖੀ ਵਿਹਾਰ ਕੀਤਾ ਜਾਂਦਾ ਹੈ । ਉਹਨਾਂ ਕਿਹਾ ਕਿ ਇਸ ਵੇਲੇ ਹਜ਼ਾਰਾਂ ਸਿਖ ਪੁਲਸ ਚੌਕੀਆਂ ਵਿਚ ਦੇਖੇ ਜਾ ਸਕਦੇ ਹਨ । ਦੁਖਦਾਈ ਗੱਲ ਇਹ ਹੈ ਕਿ ਇਹਨਾਂ ਵਿਰੁਧ ਨਾ ਤਾਂ ਕੋਈ ਮੁਕੱਦਮਾ ਦਰਜ ਕੀਤਾ ਜਾਂਦਾ ਹੈ ਤੇ ਨਾ ਹੀ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ । ਉਹਨਾਂ ਕਿਹਾ ਕਿ ਮਖ ਮੰਤਰੀ ਭਜਨ ਲਾਲ ਨੂੰ ਅਮਰੀਕਾ ਵਿਚ ਬਣੀ ਸਾਜ਼ਿਸ਼ ਤੋਂ ਨਾਰਾਜ਼ਗੀ ਤਾਂ ਹੋ ਸਕਦੀ ਹੈ, ਪਰ ਇਸ ਨਾਰਾਜ਼ਗੀ ਦਾ ਇਹ ਹੱਲ ਨਹੀਂ ਕਿ ਹਜ਼ਾਰਾਂ ਬੇ-ਕਸੂਰ ਸਿੰਘਾਂ ਨਾਲ ਨਾਦਰਸ਼ਾਹੀ ਸਲੂਕ ਕੀਤਾ ਜਾਵੇ । ਟੱਕਰ ਨੇ ਦਸਿਆ ਕਿ ਕਰਨਾਲ ਦਾ ਥਾਣਾ ਕੀਸੰਗ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਕੁਝ ਸ਼ਰਧਾਲੂਆਂ ਨੂੰ ਬੰਦ ਕੀਤਾ ਹੋਇਆ ਹੈ ਤੇ ਉਹਨਾਂ ਅੰਮ੍ਰਿਤਧਾਰੀ ਸਿੱਖਾਂ ਨੂੰ ਇਸ਼ਨਾਨ ਕਰਨ ਦੀ ਆਗਿਆ ਵੀ ਨਹੀਂ ਦਿੱਤੀ ਜਾਂਦੀ । ਇਹਨਾਂ ਵਿਚ ਡਾ: ਹਰਬੰਸ ਸਿੰਘ ਸ਼ਾਮਲ ਹਨ । ਪਤਾ ਲੱਗਾ ਹੈ ਕਿ ਸ੍ਰੀ ਭਜਨ ਲਾਲ ਨੇ ਸ: ਟੱਕਰ ਨੂੰ ਯਕੀਨ ਦੁਆਇਆ ਹੈ ਕਿ ਜਾਂਚ ਪੜਤਾਲ ਤੋਂ ਪਿਛੋਂ ਫੜੇ ਬੇ-ਕਸੂਰ ਸਿਖਾਂ ਨੂੰ ਰਿਹਾ ਕਰ ਦਿਤਾ ਜਾਵੇਗਾ ।

—ਅਜੀਤ, ੧੯-੫-੮੫

# ਅਕਾਲ ਤਖ਼ਤ ਚਿ ਥਾਂ ਥਾਂ ਤਰੇੜਾਂ

## ਸ਼ੋਨਾ ਕਾਲਾ ਹੋ ਗਿਆ, ਪਤਰੇ ਲਮਕਣ ਲਗੇ

ਅੰਮ੍ਰਿਤਸਰ ੧੭ ਮਈ—(ਸਟਾਫ ਰਿਪੋਰਟਰ) ਸ੍ਰੀ ਅਕਾਲ ਤਖਤ ਸਾਹਿਬ ਦੇ ਸਭ ਤੋਂ ਉਤੇ ਬਣੇ ਛਜੇ ਅਤੇ ਦੀਵਾਰਾਂ ਚਿ ਥਾਂ ਥਾਂ ਹੋਰ ਤਰੇੜਾਂ ਪੈ ਗਈਆਂ ਹਨ । ਇਹਨਾਂ ਤਰੇੜਾਂ ਨਾਲ ਖਾਸ ਤੌਰ ਤੇ ਛਜਿਆਂ ਦਾ ਕਿਸੇ ਵੇਲੇ ਵੀ ਡਿਗਣ ਦਾ ਖਤਰਾ ਬਣਿਆ ਹੋਇਆ ਹੈ ।

ਬੀਤੇ ਦਿਨੀਂ ਤਖਤ ਸਾਹਿਬ ਦੇ ਪਿਛਲੇ ਹਿਸੇ ਤੋਂ ਉਪਰ ਨੁਕਰ ਵਾਲੀ ਥਾਂ ਤੋਂ ਕਰੀਬ ੬ ਫੁਟ ਤੋਂ ਵੀ ਵਧ ਛਜੇ ਦਾ ਹਿਸਾ ਅਚਾਨਕ ਡਿਗ ਪਿਆ ਸੀ । ਥਲੇ ਕੋਈ ਨਾ ਹੋਣ ਕਰਕੇ ਜਾਨੀ ਨੁਕਸਾਨ ਹੋਣੋਂ ਬਚ ਗਿਆ ।

ਸ਼੍ਰੋਮਣੀ ਕਮੇਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਫੌਜੀ ਐਕਸ਼ਨ ਦੌਰਾਨ ਢਠੀ ਇਸ ਬਿਲਡਿੰਗ ਦੀ ਜਦੋਂ ਸਰਕਾਰ ਵਲੋਂ ਮੁਰੰਮਤ ਕਰਾਈ ਜਾ ਰਹੀ ਸੀ ਉਸ ਵੇਲੇ ਦੇਸ਼ ਦੇ ਇਕ ਵੱਡੇ ਇੰਜੀਨੀਅਰ ਨੇ ਉਹਨਾਂ ਨੂੰ ਲਿਖੀ ਨਿਜੀ ਚਿੱਠੀ ਵਿਚ ਜ਼ਿਕਰ ਕੀਤਾ ਸੀ ਕਿ ਸ੍ਰੀ ਅਕਾਲ ਤਖਤ ਦੀ ਮੁਰੰਮਤ ਲਈ ਵਰਤਿਆ ਜਾ ਰਿਹਾ ਵਿਦੇਸ਼ੀ ਮਸਾਲਾ ਇਥੋਂ ਦੇ ਮੌਸਮ ਦੇ ਅਨੁਕੂਲ ਨਹੀਂ ਹੈ ! ਤੇਜ਼ ਧੁਪਾਂ ਪੈਂਦਿਆਂ ਹੀ ਇਸ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਣਗੀਆਂ ਤੇ ਮੁਰੰਮਤ ਵਾਲੀ ਹਰ ਥਾਂ ਤੋਂ ਇਸ ਦੇ ਡਿਗਣ ਦਾ ਖਤਰਾ ਬਣਿਆ ਰਹੇਗਾ । ਉਸ ਨੇ ਲਿਖਿਆ ਸੀ ਕਿ ਸਿਰਫ ਨਮੀ ਮੌਸਮ ਵਾਲੇ ਦੇਸ਼ਾਂ ਵਿਚ ਇਹ ਮਸਾਲਾ ਕਾਮਯਾਬ ਹੈ । ਅਧਿਕਾਰੀ ਇੰਜੀਨੀਅਰ ਬਾਰੇ ਕੁਝ ਦਸਣ ਤੋਂ ਅਸਮਰਥ ਸੀ ।

ਹੁਣ ਇੰਜੀਨੀਅਰ ਦੀ ਇਹ ਗੱਲ ਸੌ ਫੀ ਸਦੀ ਠੀਕ ਸਾਬਤ ਹੋਈ ਹੈ । ਜਿਉਂ ਜਿਉਂ ਧੁਪਾਂ ਤੇਜ਼ਾਂ



www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ [੧੩]

(ਲੜੀ ਜੋੜਨ ਲਈ ਦੇਖੋ 'ਸੂਰਾ' ਅਕਤੂਬਰ ੧੯੮੪)

## *ਭਾਈ ਬਾਲਾ ਸਿੰਘ ਜੀ ਨਾਲ ਮਿਲਾਪ–*

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ੧॥੨॥੧੧੯॥ [ਪੰਨਾ ੨੦੪

ਡਾ: ਸੁਰਿੰਦਰ ਸਿੰਘ ਜੀ ਦਾ ਭਾਈ ਬਾਲਾ ਸਿੰਘ ਜੀ ਨਾਲ ਕੋਈ ਪਰਾ-ਪੂਰਬਲਾ ਸੰਜੋਗ ਸੀ। ਇਸ ਧੁਰ-ਸੰਜੋਗੀ ਸਾਂਝ ਦਾ ਪ੍ਰਗਟਾਵਾ ਭਾਵੇਂ ਦੇਰ ਨਾਲ ਹੋਇਆ, ਪਰ ਇਹ ਐਸੀ ਸਾਂਝ ਬਣੀ ਕਿ ਪਿਆਰ-ਮਿਲਣੀ ਦੀਆਂ ਇਹ ਗੰਢਾਂ ਪੱਕੀਆਂ ਪੀਡੀਆਂ ਪੈ ਗਈਆਂ।

ਬਚਪਨ ਵਿਚ ਹੀ ਮਾਤਾ ਪਿਤਾ ਦੇ ਵਿਛੜ ਜਾਣ ਕਰਕੇ ਭਾਈ ਬਾਲਾ ਸਿੰਘ ਜੀ ਸੰਤ ਬਾਬਾ ਸੁੰਦਰ ਸਿੰਘ ਜੀ ਕੀਰਤਨ ਗੜ੍ਹ ਦੀ ਸਪੁਰਦਗੀ ਵਿਚ ਪਲੇ ਅਤੇ ਵਿਦਿਆ ਦੀ ਪ੍ਰਾਪਤੀ ਕੀਤੀ। ਇਸ ਬਚਪਨ ਦੇ ਸਮੇਂ ਵਿਚ ਉਥੋਂ ਇਤਨਾ ਪਿਆਰ ਮਿਲਦਾ ਰਿਹਾ ਕਿ ਮਾਪਿਆਂ ਦਾ ਵਿਛੋੜਾ ਮਹਿਸੂਸ ਹੀ ਨਾ ਹੋਇਆ। ਬਾਬਾ ਜੀ ਨੇ ਹਰ ਤਰ੍ਹਾਂ ਨਾਲ ਸੁਖ ਅਰਾਮ ਵਿਚ ਰਖਿਆ ਅਤੇ ਜਵਾਨ ਹੋਣ ਤੇ ਸਰਕਾਰੀ ਨੌਕਰੀ ਵੀ ਲੈ ਦਿਤੀ।

ਨੌਕਰੀ ਲਗਣ ਪਿਛੋਂ ਸਤਸੰਗਤ ਤੋਂ ਵਿਛੜ ਗਏ ਅਤੇ ਕੁਸੰਗਤ ਵਿਚ ਘਿਰ ਜਾਣ ਕਰਕੇ ਮਨੋ-ਬ੍ਰਿਤੀ ਦਾ ਰੁਝਾਣ ਮਾਇਆਵੀ ਹੁੰਦਾ ਗਿਆ। ਕੁਸੰਗਤ ਕਾਰਨ ਗੁਰਸਿਖੀ ਜੀਵਨ ਵਲੋਂ ਦੂਰ ਹੁੰਦੇ ਗਏ। ਪਰ ਇਸ ਦੇ ਬਾਵਜੂਦ ਵੀ ਸੰਤ-ਬਾਬਿਆਂ ਦੀ ਬਚਪਨ ਤੋਂ ਹੋਈ ਸੰਗਤ ਸਦਕਾ ਅੰਦਰ ਸਿਖੀ ਦੀ ਚਿਣਗ ਮੌਜੂਦ ਸੀ, ਜੋ ਮਾਇਆਵੀ ਪ੍ਰਭਾਵ ਹੇਠ ਦਬੀ ਹੋਈ ਵੀ ਅੰਦਰੋਂ ਫੁਟ ਫੁਟ ਪੈਂਦੀ ਅਤੇ ਕਦੀ ਕਦੀ ਹੂਕ ਉਠਦੀ–

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ (੭੦੧)

ਆਪ ਦੀ ਤਬਦੀਲੀ ਸ੍ਰੀ ਅੰਮ੍ਰਿਤਸਰ ਜੀ ਹੋ ਗਈ। ਅੰਦਰ ਵਸ ਰਹੀ ਪਿਆਰ-ਕਣੀ ਸਦਕਾ ਦਫ਼ਤਰ ਵਿਚ ਬੈਠਿਆਂ ਵੀ ਵੈਰਾਗ ਦੀਆਂ ਕਾਂਗਾਂ ਉਠ ਉਠ ਪੈਂਦੀਆਂ ਅਤੇ ਕਿਸੇ ਪੁਜੇ ਹੋਏ ਸਤ-ਪੁਰਖ ਦੀ ਭਾਲ ਬਣੀ ਰਹਿੰਦੀ। ਇਥੇ ਦਫ਼ਤਰ ਵਿਚ ਆਪਣੇ ਸਾਥੀ ਵਰਕਰ ਭਾਈ ਮਨਜੀਤ ਸਿੰਘ ਜੀ ਦੇ ਤਰਲੇ ਲਏ ਕਿ ਕਿਸੇ ਗੁਰੂ-ਸਵਾਰੇ ਮਹਾਂ ਪੁਰਖ ਦੇ ਦਰਸ਼ਨ ਕਰਾਓ।

ਮਿਲਾਪ ਦਾ ਉਹ ਅਉਸਰ ਆ ਬਣਿਆ। ਭਾਈ ਮਨਜੀਤ ਸਿੰਘ ਨੇ ਗਿਆਨੀ ਭਗਵਾਨ ਸਿੰਘ ਜੀ ਦੇ ਗ੍ਰਿਹਿ ਦਾ ਟਿਕਾਣਾ ਦਸਦਿਆਂ ਭਾਈ ਬਾਲਾ ਸਿੰਘ ਜੀ ਨੂੰ ਦੱਸ ਪਾਈ ਕਿ ਇਨ੍ਹਾਂ ਦੇ ਸਮਾਗਮ ਵਿਚ ਡਾ: ਸੁਰਿੰਦਰ ਸਿੰਘ ਜੀ ਜ਼ਰੂਰ ਪੁਜਣਗੇ, ਜੋ ਬੜੀ ਉਚ ਕਰਣੀ ਵਾਲੇ ਸਤ-ਪੁਰਸ਼ ਹਨ ਅਤੇ ਇਨ੍ਹਾਂ ਨੂੰ ਮਿਲ ਕੇ ਅੰਦਰ ਠੰਢ

---

✿ਹੋ ਰਹੀਆਂ ਹਨ, ਤਖਤ ਸਾਹਿਬ ਦੀਆਂ ਤਕਰੀਬਨ ਉਹਨਾਂ ਸਾਰੀਆਂ ਕੰਧਾਂ ਅਤੇ ਥਾਵਾਂ ਤੇ ਤਰੇੜਾਂ ਪੈ ਰਹੀਆਂ ਹਨ ਜਿਥੇ ਇਹ ਮਸਾਲਾ ਵਰਤਿਆ ਗਿਆ ਸੀ। ਕਈ ਥਾਵਾਂ ਤੇ ਇਹ ਮਸਾਲਾ ਫੂਲ ਕੇ ਦੀਵਾਰਾਂ ਨੂੰ ਛੱਡ ਗਿਆ ਹੈ। ਤਖਤ ਸਾਹਿਬ ਦੀ ਸਜਾਵਟ ਦਾ ਕੰਮ ਗ਼ੈਰ ਜ਼ਿੰਮੇਦਾਰਾਨਾ ਢੰਗ ਨਾਲ ਕੀਤਾ ਗਿਆ ਹੈ। ਕਥਿਤ ਲਾਇਆ ਸੋਨਾ ਕਾਲਾ ਪੈ ਰਿਹਾ ਹੈ। ਪਤਰੇ ਦਿਵਾਰਾਂ ਤੋਂ ਵੱਖ ਹੋ ਕੇ ਲਮਕਣ ਲਗ ਪਏ ਹਨ। ਇਸਦਾ ਕਾਰਨ ਪਤਰਿਆਂ ਥਲੇ ਸਹਾਰੇ ਵਜੋਂ ਡਿਜ਼ਾਈਨ ਕੀਤੀ ਗਿਲੀ ਲਕੜ ਦਾ ਸੁਕ ਜਾਣਾ ਦਸਿਆ ਜਾਂਦਾ ਹੈ। ਤਖਤ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਸ਼ਰਧਾਲੂਆਂ ਵਿਚ ਇਹ ਆਮ ਚਰਚਾ ਹੁੰਦੀ ਹੈ ਕਿ ਮੁਰਮਤ ਦਾ ਠੇਕਾ ਲੈਣ ਵਾਲਿਆਂ ਵਲੋਂ ਕਰੋੜਾਂ ਰੁਪਏ ਦਾ ਗੋਲਮਾਲ ਕੀਤਾ ਜਾਪਦਾ ਹੈ। —ਅਜੀਤ, ੧੮-੫-੮੫



www.AKJ.Org

ਤੇ ਸ਼ਾਂਤੀ ਵਰਤਦੀ ਹੈ।

ਭਾਈ ਬਾਲਾ ਸਿੰਘ ਜੀ ਐਤਵਾਰ ਦੇ ਉਸ ਸਮਾਗਮ ਵਿਚ ਅੰਮ੍ਰਿਤ ਵੇਲੇ ਹੀ ਪੁਜ ਗਏ। ਕੀਰਤਨ ਦੀ ਸਮਾਪਤੀ ਪਿਛੋਂ ਡਾਕਟਰ ਜੀ ਆਪਣੀ ਮਸਤੀ ਵਿਚ ਪਿਆਰ-ਖੇਡਾਂ ਰਚਾਂਦੇ ਬਾਹਰ ਖਲੋਤੇ ਸਿੰਘਾਂ ਦੀ ਦਰੁਸਤੀ ਕਰਨ ਲਈ ਕੁਝ ਡਾਂਟ ਕਰ ਰਹੇ ਸਨ ਜੁ ਭਾਈ ਮਨਜੀਤ ਸਿੰਘ ਜੀ ਭਾਈ ਬਾਲਾ ਸਿੰਘ ਦੇ ਨਾਲ ਉਥੇ ਆ ਪੁਜੇ ਅਤੇ ਦਸਿਆ ਕਿ ਇਹ ਹਨ ਉਹ ਗੁਰੂ ਸੰਵਾਰੇ ਡਾ: ਸੁਰਿੰਦਰ ਸਿੰਘ ਜੀ, ਜਿਨ੍ਹਾਂ ਦੇ ਦਰਸ਼ਨਾਂ ਲਈ ਆਪ ਨੂੰ ਬੇਨਤੀ ਕੀਤੀ ਸੀ। ਡਾਕਟਰ ਜੀ ਨੇ ਭਾਈ ਬਾਲਾ ਸਿੰਘ ਜੀ ਵਲ ਇਕ ਝਾਤ ਪਾਈ ਅਤੇ ਇਉਂ ਪ੍ਰਤੀਤ ਹੋਇਆ ਜਿਵੇਂ ਕਿ ਉਹ ਇਕੋ ਤਕਣੀ ਵਿਚ ਹੀ ਸਭ ਕੁਝ ਬੁਝ ਗਏ ਹੋਣ। ਭਾਈ ਬਾਲਾ ਸਿੰਘ ਜੀ ਦਰਸ਼ਨ ਕਰ ਕੇ ਠਰ ਗਏ ਅਤੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ, ਜੋ ਪਰਵਾਨ ਹੋ ਗਈ।

ਡਾਕਟਰ ਜੀ ਨੀਯਤ ਤ੍ਰੀਕ ਤੇ ਦਸੇ ਟਿਕ ਣੇ ਅਨੁਸਾਰ ਇਨ੍ਹਾਂ ਦੇ ਗ੍ਰਿਹਿ ਵਿਖੇ ਪੁਜੇ। ਭਾਈ ਬਾਲਾ ਸਿੰਘ ਜੀ ਦੀ ਸੁਪਤਨੀ ਨੂੰ ਤਾਂ ਚਾਅ ਚੜ੍ਹ ਗਿਆ ਅਤੇ ਬੜੇ ਪਿਆਰ ਨਾਲ ਸੇਵਾ ਕੀਤੀ। ਡਾਕਟਰ ਜੀ ਇਨ੍ਹਾਂ ਪਾਸ ਗੁਰਮਤਿ ਅਨੁਸਾਰ ਕਈ ਮਿਠੇ ਮਿਠੇ ਬਚਨ ਕਰਦੇ ਰਹੇ ਅਤੇ ਫਿਰ ਕੁਝ ਛਕ-ਛਕਾ ਕੇ ਤੁਰ ਪਏ। ਤੁਰਨ ਲਗਿਆਂ ਦੰਪਤੀ ਨੇ ਫਿਰ ਗ੍ਰਿਹਿ ਵਿਖੇ ਦਰਸ਼ਨ ਦੇਣ ਲਈ ਬੇਨਤੀ ਕੀਤੀ। ਡਾਕਟਰ ਜੀ ਪ੍ਰੇਮੀ-ਜੀਊੜਿਆਂ ਦੀ ਖਿਚ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਮੀਲਾਂ ਦਾ ਪੰਧ ਕਟ ਕੇ ਵੀ ਪ੍ਰੇਮੀ-ਹਿਰਦਿਆਂ ਦੀ ਸਿਕ ਪੂਰੀ ਕਰਦੇ ਹੋਏ, ਗੁਰਸਿਖੀ ਦੀ ਸਾਂਝ ਪੀਡੀ ਕਰਨ ਲਈ, ਉਨ੍ਹਾਂ ਪਾਸ ਪੁਜਦੇ ਸਨ।

ਭਾਈ ਬਾਲਾ ਸਿੰਘ ਜੀ ਜਦੋਂ ਵੀ ਖਿਚ ਕਰਦੇ, ਡਾਕਟਰ ਜੀ ਨੇ ਉਨ੍ਹਾਂ ਦੇ ਗ੍ਰਿਹਿ ਵਿਚ ਪੁਜ ਜਾਣਾ। ਭਾਈ ਬਾਲਾ ਸਿੰਘ ਜੀ ਦਾ ਬਚਪਨ ਮਾਪਿਆਂ ਦੇ ਵਿਛੋੜੇ ਪਿਛੋਂ ਜਿਵੇਂ ਸੰਤ-ਬਾਬਿਆਂ ਪਾਸ ਪਿਆਰ ਨਾਲ ਬੀਤਿਆ ਸੀ, ਉਸ ਵਿਥਿਆ ਨੂੰ ਸੁਣ ਕੇ ਤਾਂ ਡਾਕਟਰ ਜੀ ਬੜੇ ਹੀ ਪ੍ਰਸੰਨ ਹੋਏ ਅਤੇ ਖੁਸ਼ੀਆਂ ਵਿਚ ਆ ਕੇ ਅੰਮ੍ਰਿਤ-ਭਿੰਨੇ-ਲੋਇਣਾਂ ਨਾਲ ਡਾਢੇ ਪਿਆਰ ਨਾਲ ਉਨ੍ਹਾਂ ਵਲ ਤਕੇ ਤੇ ਫਿਰ ਕਿਹਾ, ਤੁਸੀਂ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ਪੇਸ਼ ਹੋ ਕੇ ਪਿਛਲੀਆਂ ਤਰੁਟੀਆਂ ਦੀ ਦਰੁਸਤੀ ਕਰਵਾ ਕੇ ਅੰਮ੍ਰਿਤ ਪਾਨ ਕਰੋ, ਫਿਰ ਗੱਲ ਬਣੇਗੀ। ਸਮਾਂ ਢੁਕਣ ਤੇ ਦੰਪਤੀ ਨੇ ਜਥੇ ਦੇ ਅੰਮ੍ਰਿਤ-ਸਮਾਗਮ ਵਿਚ ਪੇਸ਼ ਹੋ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰਸਿਖੀ ਰਹਿਤ-ਰਹਿਣੀ ਵਿਚ ਪਰਪੱਕ ਹੋ ਗਏ। ਬੀਬੀ ਜੀ ਵੀ ਕੇਸਕੀ ਸਜਾ ਕੇ ਤਿਆਰ-ਬਰ-ਤਿਆਰ ਹੋ ਗਏ। ਇਸ ਤੋਂ ਪਿਛੋਂ ਜਦੋਂ ਵੀ ਡਾਕਟਰ ਜੀ ਸ੍ਰੀ ਅੰਮ੍ਰਿਤਸਰ ਆਉਂਦੇ, ਇਨ੍ਹਾਂ ਦੇ ਜ਼ਰੂਰ ਹੋ ਕੇ ਜਾਂਦੇ।

ਭਾਈ ਬਾਲਾ ਸਿੰਘ ਜੀ ਦੇ ਗ੍ਰਿਹਿ ਸਤਿਗੁਰੂ ਜੀ ਦਾ ਬਖ਼ਸ਼ਿਆ ਸਭ ਕੁਝ ਸੀ, ਪਰ ਇਕ ਭੁਜੰਗੀ ਦੀ ਥੁੜ ਜ਼ਰੂਰ ਮਹਿਸੂਸ ਹੁੰਦੀ ਸੀ। ਇਸੇ ਥੁੜ ਨੂੰ ਪੂਰਾ ਕਰਨ ਲਈ ਆਪ ਜੀ ਨੇ ਰਿਸ਼ਤੇਦਾਰੀ ਚੋਂ ਇਕ ਬੱਚਾ ਲੈ ਕੇ ਪਾਲਿਆ ਸੀ, ਪਰ ਉਹ ਸੁਖ ਦੇਣ ਦੀ ਥਾਂ ਇਨ੍ਹਾਂ ਨੂੰ ਤੰਗ ਹੀ ਕਰਦਾ ਰਹਿੰਦਾ। ਅੰਮ੍ਰਿਤ ਛਕਣ ਤੋਂ ਬਾਅਦ ਗੁਰਸਿਖੀ ਰਹਿਤ-ਬਹਿਤ ਵਿਚ ਆਉਣ ਨਾਲ ਤਾਂ ਉਹ ਬਹੁਤ ਹੀ ਤੰਗ ਕਰਦਾ, ਕਿਉਂਕਿ ਉਸ ਦੀਆਂ ਸਵਾਦ-ਪ੍ਰਤਿਸ਼ਟੀਆਂ ਹੋਰ ਤਰ੍ਹਾਂ ਦੀਆਂ ਸਨ।

ਇਕ ਦਿਨ ਡਾਕਟਰ ਜੀ ਆਏ ਅਤੇ ਬੜੇ ਹੀ ਰੰਗਾਂ ਵਿਚ ਸਜ ਗਏ। ਉਹ ਬੜੇ ਖੁਸ਼ ਖੁਸ਼ ਪ੍ਰਤੀਤ ਹੋ ਰਹੇ ਸਨ। ਡਾਕਟਰ ਜੀ ਬੀਬੀ ਜੀ ਦੀ ਸੇਵਾ ਕਰਕੇ ਉਨ੍ਹਾਂ ਤੇ ਤਾਂ ਬਹੁਤ ਹੀ ਪ੍ਰਸੰਨ ਸ਼ਨ। ਇਸ ਸਮੇਂ ਭਾਈ ਬਾਲਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਪੰਜਾਂ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਦਾਤ ਤਾਂ ਪ੍ਰਾਪਤ ਹੋ ਗਈ ਹੈ, ਪਰ ਨਾਮ ਦੀ ਚੜ੍ਹਦੀ ਕਲਾ ਲਈ ਜਾਚਨਾ ਹੈ, ਉਸ ਲਈ ਕੋਈ ਬਖਸ਼ਸ਼ ਕਰੋ। ਡਾਕਟਰ ਜੀ ਮੁਸਕ੍ਰਾਏ ਤੇ ਕਿਹਾ—

"ਰਾਮੁ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥" (੩੩੭)

ਕੁਝ ਦਿਨਾਂ ਬਾਅਦ ਫਿਰ ਬਾਲਾ ਸਿੰਘ ਜੀ ਨੇ ਨਾਮ ਦੀ ਚੜ੍ਹਦੀ ਕਲਾ ਦੀ ਬਖ਼ਸ਼ਸ਼ ਪ੍ਰਾਪਤ ਕਰਨ ਦੀ ਚਾਹਨਾ ਪ੍ਰਗਟ ਕੀਤੀ ਤਾਂ ਆਪ ਜੀ ਬੋਲੇ, "ਭਾਈ, ਨਾਮ ਜਪਣਾ ਬੜਾ ਔਖਾ ਹੈ। ਹਾਂ ਜੇ ਤੁਹਾਨੂੰ ਪੁੱਤਰ ਦੀ ਕੋਈ ਇਛਾ ਹੋਵੇ ਤਾਂ ਗੁਰੂ-ਘਰ ਵਿਚ ਕਿਸੇ ਗੱਲ ਦੀ ਕਮੀ ਨਹੀਂ। ਘਰ ਵਿਚ ਸਲਾਹ ਕਰ ਲਵੋ।"

ਡਾਕਟਰ ਜੀ ਦੇ ਜਾਣ ਪਿਛੋਂ ਵਿਚਾਰਾਂ ਹੁੰਦੀਆਂ ਰਹੀਆਂ। ਅਖੀਰ ਸਿੰਘਣੀ ਕਹਿਣ ਲਗੀ, ਉਮਰ ਵਡੇਰੀ

www.AKJ.Org

ਹੋ ਗਈ ਹੈ, ਬੱਚਾ ਪਾਲਦਿਆਂ ਪਾਲਦਿਆਂ ਅੱਗਾ ਨੇੜੇ ਆ ਜਾਣਾ ਹੈ ਅਤੇ ਜ਼ਿੰਦਗੀ ਨਾਮ ਤੋਂ ਖ਼ਾਲੀ ਹੀ ਬੀਤ ਜਾਣੀ ਹੈ। ਸੋ ਨਾਮ ਦੀ ਬਖ਼ਸ਼ਸ਼ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਵਿਚਾਰ ਬਣਾ ਕੇ ਹੱਟੇ ਹੀ ਸਨ ਕਿ ਡਾਕਟਰ ਜੀ ਆ ਪੁਜੇ। ਜਲ ਪਾਣੀ ਛਕਾਉਣ ਤੋਂ ਬਾਅਦ ਫਿਰ ਉਹੋ ਜੋਦੜੀ ਕੀਤੀ ਕਿ ਜੇ ਪ੍ਰਸੰਨ ਹੋਏ ਹੋ ਤਾਂ ਨਾਮ ਦੀ ਚੜ੍ਹਦੀ ਕਲਾ ਦੀ ਹੀ ਬਖ਼ਸ਼ਸ਼ ਕਰੋ ਜੀ। ਆਪ ਨੇ ਫਿਰ ਕਿਹਾ, "ਭਾਈ, ਨਾਮ ਜਪਣਾ ਬੜਾ ਹੀ ਔਖਾ ਹੈ, ਬੜਾ ਕੁਝ ਛਡਣਾ ਪੈਂਦਾ ਹੈ। ਅੱਛਾ ਇਉਂ ਕਰੋ ਕਿ ਪਹਿਲਾਂ ਤੁਸੀਂ ਨੌਕਰੀ ਛਡੋ।" ਇਹ ਸੁਣ ਕੇ ਭਾਈ ਬਾਲਾ ਸਿੰਘ ਕਹਿਣ ਲਗੇ, "ਡਾਕਟਰ ਜੀ, ਨੌਕਰੀ ਛਡ ਕੇ ਭੁਖੇ ਮਰ ਜਾਵਾਂਗੇ। ਸਾਡਾ ਤੇ ਗੁਜ਼ਾਰਾ ਹੀ ਤਨਖ਼ਾਹ ਤੇ ਹੈ, ਖਾਵਾਂਗੇ ਕਿਥੋਂ ?" ਡਾਕਟਰ ਜੀ ਨੇ ਕਿਹਾ, ਕੁਝ ਦਿਨ ਹੋਰ ਸੋਚ ਲਓ। ਡਾਕਟਰ ਜੀ ਚਲੇ ਗਏ ਤੇ ਇਹ ਦੋਵੇਂ ਜੀਅ ਦੁਚਿਤੀ ਵਿਚ ਫਸ ਗਏ। ਪੈਨਸ਼ਨ ਦਾ ਹਿਸਾਬ ਕਿਤਾਬ ਲਾਇਆ ਤਾਂ ਉਹ ਪੈਸੇ ਥੋੜੇ ਅਤੇ ਖ਼ਰਚਾ ਬਹੁਤਾ। ਕਈ ਦਿਨ ਸੋਚਦੇ ਰਹੇ। ਡਾਕਟਰ ਜੀ ਨੇ ਪ੍ਰੇਮ-ਖਿਚ ਵਿਚ ਫਿਰ ਇਧਰ ਨੂੰ ਮੋਹਾਰਾਂ ਮੋੜੀਆਂ। ਆ ਕੇ ਪੁਛਿਆ ਕਿ ਸੁਣਾਓ, ਕੀ ਸੋਚਿਆ ਜੇ ? ਦੋਵੇ ਜੀਅ ਬੋਲੇ, 'ਖਾਵਾਗੇ ਕਿਥੋਂ, ਪੈਨਸ਼ਨ ਦੇ ਪੈਸੇ ਤਾਂ ਬੜੇ ਥੋੜੇ ਬਣਦੇ ਹਨ ?" ਤਾਂ ਆਪ ਜੀ ਡਾਢੇ ਹੀ ਪਿਆਰ ਰੰਗਾਂ ਵਿਚ ਬੋਲੇ, "ਭਰੋਸਾ ਕਰੋ, ਪ੍ਰਭੂ ਸਭ ਦੀ ਸਾਰ ਸੰਭਾਲ ਕਰਦਾ ਹੈ, ਤੁਹਾਡੀ ਵੀ ਪ੍ਰਤਿਪਾਲਣਾ ਕਰੇਗਾ।"

ਭਾਈ ਬਾਲਾ ਸਿੰਘ ਜੀ ਆਪਣੇ ਆਪ ਵਿਚ ਕਾਇਮ ਹੋ ਗਏ। ਉਸੇ ਵੇਲੇ ਡਾਕਟਰ ਜੀ ਦੇ ਬੈਠਿਆਂ ਹੀ ਨੌਕਰੀ ਛਡਣ ਲਈ ਅਸਤੀਫਾ ਲਿਖ ਦਿਤਾ। ਡਾਕਟਰ ਜੀ ਨੇ ਫਿਰ ਪਿਆਰ ਵਿਚ ਪ੍ਰਸੰਨ ਹੋ ਕੇ ਕਿਹਾ, ਭਾਈ ਨਾਮ ਜਪਣ ਦੀ ਚੜ੍ਹਦੀ ਕਲਾ ਲਈ ਕੁਝ ਹੋਰ ਵੀ ਦੁਨਿਆਵੀ, ਕੂੜਾਵੀਆਂ ਤੇ ਹਉਮੈ-ਭਰਪੂਰ ਗੱਲਾਂ ਤੋਂ ਦੂਰ ਰਹਿਣਾ ਹੋਵੇਗਾ—

(੧) ਕਿਸੇ ਵੀ ਦੁਨਿਆਵੀ ਰਿਸ਼ਤੇਦਾਰੀ ਵਿਚ ਨਹੀਂ ਖੁਭਣਾ। ਜਦੋਂ ਤੁਸੀਂ ਕਿਸੇ ਦੇ ਨਹੀਂ ਜਾਉਗੇ, ਕੋਈ ਤੁਹਾਡੇ ਨਹੀਂ ਆਵੇਗਾ ਅਤੇ ਖੁਸ਼ ਰਹੋਗੇ। ਇਹ ਸੰਸਾਰੀ ਲੋਕ ਕੂੜਾਵੀਆਂ ਵਡਿਆਈਆਂ ਅਧੀਨ ਬਹੁਤ ਕੁਝ ਲੋਚਦੇ ਹਨ ਅਤੇ ਨਾਮ ਤੋਂ ਦੂਰ ਲਿਜਾਂਦੇ ਹਨ। ਇਨ੍ਹਾਂ ਨਾਲ ਵਰਤੋਂ-ਵਿਹਾਰ ਕਰਨ ਨਾਲ ਮਨ ਦੇ ਫੁਰਨਿਆਂ ਦੀ ਦੌੜ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ।

(੨) ਆਪਣਾ ਪਹਿਰਾਵਾ ਗੁਰਮੁਖੀ ਸਾਦਾ ਰਖਣਾ। ਖੱਦਰ ਦਾ ਪਹਿਰਾਵਾ ਬਹੁਤ ਠੀਕ ਰਹਿੰਦਾ ਹੈ, ਸਰਦੀਆਂ ਵਿਚ ਗਰਮ ਅਤੇ ਗਰਮੀਆਂ ਵਿਚ ਠੰਢਾ। ਵੈਸੇ ਵੀ ਸਸਤਾ ਹੈ। ਜਿਥੇ ਸਾਦਾ ਹੈ ਉਥੇ ਅਹਿੰਗਤਾ ਤੋਂ ਦੂਰ ਰਖਦਾ ਹੈ। ਪੈਂਟਾਂ, ਬੁਸ਼ਰਟਾਂ ਤੇ ਸੂਟ ਬੂਟ ਸਭ ਤਰ੍ਹਾਂ ਲਈ ਮਾਰੂ ਹਨ। ਪੈਂਟ ਬੁਸ਼ਰਟ ਦੇ ਉਪਰ ਦੀ ਸਿਰੀ ਸਾਹਿਬ ਵੀ ਵਿਖਾਵਾ ਹੀ ਲਗਦੀ ਹੈ। ਗੁਰਸਿਖੀ ਦਾ ਨਿਆਰਾਪਣ ਪੰਜ-ਕਕਾਰੀ ਰਹਿਤ ਦੀ ਵਿਲੱਖਣਤਾ ਹੈ ਅਤੇ ਸਾਦੇ ਬਾਣੇ ਤੇ ਹੀ ਪੂਰਨ ਸੁਸ਼ੋਭਤ ਹੁੰਦਾ ਹੈ।

(੩) ਫਿਰ ਡਾਕਟਰ ਜੀ ਨੇ "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" ਤੋਂ ਬਚਣ ਲਈ, ਸ਼ੁਧ ਅੰਨ ਖਾਣ ਦੀਆਂ ਬਰਕਤਾਂ ਬਾਰੇ ਦਸਿਆ। ਰੋਟੀ ਬੇਟੀ ਦੀ ਸਾਂਝ ਗੁਰਮੁਖ ਅੰਮ੍ਰਿਤਧਾਰੀ ਸਿਖ ਨਾਲ ਹੀ ਰਖਣੀ ਬਣਦੀ ਹੈ। ਸ਼ੁਧ ਅੰਨ ਮਿਲਣਾ ਔਖਾ ਹੈ, ਕਿਉਂਕਿ ਆਮ ਕਿਰਤੀਆਂ ਦਾ ਵਿਹਾਰ ਸ਼ੁਧ ਨਹੀਂ ਹੁੰਦਾ। ਦਸਾਂ ਨਹੁੰਆਂ ਦੀ ਕਮਾਈ ਦਾ ਭੋਜਨ ਛਕਣ ਨਾਲ ਭਜਨ ਬੰਦਗੀ ਦਾ ਖ਼ੂਬ ਅਨੰਦ ਬਝਦਾ ਹੈ। ਭੋਜਨ ਬੜੇ ਸੰਕੋਚ ਨਾਲ ਛਕਣਾ, ਐਵੇਂ ਹਰ ਜਗ੍ਹਾ ਤੋਂ ਨਹੀਂ ਛਕਣਾ। ਸ਼ੁਧ ਭੋਜਨ ਬਾਰੇ ਡਾਕਟਰ ਜੀ ਨੇ ਕਈ ਕਥਾਵਾਂ ਭਾਈ ਬਾਲਾ ਸਿੰਘ ਜੀ ਨੂੰ ਸੁਣਾਈਆਂ, ਜੋ ਕਿਤੇ ਵਖਰੇ ਤੌਰ ਤੇ ਲਿਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦਸਿਆ ਕਿ ਸ਼ੁਧ ਆਹਾਰ ਕਰਨ ਨਾਲ ਹੀ ਮਨੁਖ ਦਾ ਵਿਉਹਾਰ ਵੀ ਸ਼ੁਧ ਹੁੰਦਾ ਹੈ। ਮਿਰਚ-ਮਸਾਲੇ ਤੇ ਖਟੇ ਮਿਠੇ ਰਸਾਂ ਤੋਂ ਵੀ ਪਰਹੇਜ਼ ਹੀ ਕਰਨਾ ਚਾਹੀਦਾ ਹੈ।

(੪) ਗੁਪਤ ਰਹਿਣਾ, ਆਪਣੇ ਆਪ ਨੂੰ ਗੁਪਤ ਹੀ ਰਖਣਾ। ਨਿਮਰਤਾ ਵਿਚ ਰਹਿਣਾ ਬਹੁਤ ਹੀ ਜ਼ਰੂਰੀ ਹੈ। ਸੰਗਤ ਵਿਚ ਇਵੇਂ ਬੈਠਣਾ ਕਿ ਸੰਗਤ ਰੂਪ ਹੀ ਹੋ ਜਾਓ। ਕੋਈ ਵਿਖਾਵਾ ਜਾਂ ਵਖਰਾਪਣ ਨਹੀਂ ਦਸਣਾ



www.AKJ.Org

ਅਤੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਨਾ। ਸੰਗਤ ਦਾ ਪਰਚਾ ਘਰ ਵਿਚ ਸਿੰਘਣੀ ਨਾਲ ਹੀ ਰਖਣਾ। ਬਹੁਤੀ ਭੱਜ-ਨੱਸ ਦੀ ਲੋੜ ਨਹੀਂ, ਘਰ ਚਿ ਹੀ ਅਨੰਦ ਮਗਨ ਰਹਿਣਾ। ਗ੍ਰਿਹਸਤੀ ਜੀਵਨ ਸੁਖੀ ਹੈ ਤਾਂ ਨਾਮ ਦੀ ਚੜ੍ਹਦੀ ਕਲਾ ਹੈ। ਸਿੰਘਣੀ ਨਾਲ ਕਿਤੇ ਭੁਲ ਕੇ ਵੀ ਝਗੜਾ ਨਹੀਂ ਕਰਨਾ। ਤੁਹਾਡਾ ਸਿੰਘ ਸਿੰਘਣੀ ਦਾ ਆਪੋ ਵਿਚ ਗੁਰਸਿਖਾਂ ਗੁਰਮੁਖਾਂ ਵਾਲਾ ਅਥਾਹ ਪਿਆਰ ਹੋਵੇ ਤਦ ਹੀ ਭਲਾ ਹੈ।

ਭਾਈ ਬਾਲਾ ਸਿੰਘ ਜੀ ਦਸਦੇ ਹਨ ਕਿ ਡਾਕਟਰ ਜੀ ਨੇ ਹੋਰ ਬੇਅੰਤ ਗੁਰਸਿਖੀ ਜੀਵਨ ਵਿਚ ਰੰਗਣ ਵਾਲੀਆਂ ਰੱਬ ਦੇ ਘਰ ਦੀਆਂ ਬਾਤਾਂ ਦਸੀਆਂ। ਗੁਰਮਤਿ ਦੇ ਇਸ ਮਾਰਗ ਤੇ ਤੁਰ ਕੇ ਭਾਈ ਬਾਲਾ ਸਿੰਘ ਜੀ ਖ਼ੂਬ ਸੱਚੇ ਸੁੱਚੇ ਲਾਹੇ ਪ੍ਰਾਪਤ ਕਰ ਰਹੇ ਹਨ।

ਭਾਈ ਬਾਲਾ ਸਿੰਘ ਜੀ ਦਸਦੇ ਹਨ ਕਿ ਇਥੇ ਟਿਕਿਆਂ ਹੀ ਇਕੇਰਾਂ ਆਪ ਡਾਕਟਰ ਜੀ ਨਾਲ ਪਾਉਂਟਾ ਸਾਹਿਬ ਦਰਸ਼ਨਾਂ ਨੂੰ ਗਏ। ਉਥੇ ਇਕ ਰੁਖ ਦੀ ਘਣੀ ਛਾਂ ਹੇਠ ਬੈਠੇ ਹੋਏ ਸਾਂ ਕਿ ਇਕ ਬਜ਼ੁਰਗ ਮਾਤਾ ਆਈ ਅਤੇ ਇਕ ਅਸਾਧ ਰੋਗ ਦੇ ਇਲਾਜ ਲਈ ਬੇਨਤੀ ਕੀਤੀ। ਡਾਕਟਰ ਜੀ ਨੇ ਕੁਝ ਦਵਾਈਆਂ ਦਸੀਆਂ ਕਿ ਇਨ੍ਹਾਂ ਦੇ ਵਰਤਣ ਨਾਲ ਠੀਕ ਹੋ ਜਾਉਗੇ। ਬਜ਼ੁਰਗ ਮਾਤਾ ਕਹਿਣ ਲਗੀ, ਪੁੱਤਰ, ਮੇਰੇ ਪਾਸ ਤਾਂ ਦਵਾਈਆਂ ਲਈ ਪੈਸੇ ਨਹੀਂ ਹਨ। ਮਾਇਆ ਡਾਕਟਰ ਜੀ ਪਾਸ ਵੀ ਨਹੀਂ ਸੀ, ਪਰ ਮਾਤਾ ਦਾ ਦੁਖ ਨਵਿਰਤ ਕਰਨਾ ਵੀ ਜ਼ਰੂਰੀ ਸਮਝਿਆ। ਮੇਹਰ ਵਿਚ ਤੱਕੇ ਅਤੇ ਰੁਖ ਦੇ ਕੁਝ ਸੁੱਕੇ ਪੱਤਰ ਇਕੱਠੇ ਕੀਤੇ ਤੇ ਆਖਿਆ, "ਮਾਤਾ, ਇਨ੍ਹਾਂ ਪੱਤਿਆਂ ਨੂੰ ਕੁਟ ਕੇ ਪਾਣੀ ਨਾਲ ਛਕ ਲਓ, ਸਤਿਗੁਰੂ ਮੇਹਰ ਕਰਨਗੇ।" ਦੂਜੇ ਤੀਜੇ ਦਿਨ ਮਾਤਾ ਭਾਈ ਬਾਲਾ ਸਿੰਘ ਜੀ ਨੂੰ ਮਿਲੀ ਅਤੇ ਕਹਿਣ ਲਗੀ, "ਮੈਂ ਹੁਣ ਬਿਲਕੁਲ ਠੀਕ ਹਾਂ।"

ਇਸ ਤਰ੍ਹਾਂ ਦੀਆਂ ਅਨੇਕਾਂ ਉਚ-ਕਰਣੀਆਂ ਦੀਆਂ ਬਾਤਾਂ ਸਨ ਡਾਕਟਰ ਸਾਹਿਬ ਦੀਆਂ, ਜਿਹੜੀਆਂ ਕਿ ਅਨੇਕਾਂ ਗੁਰਸਿਖ-ਹਿਰਦਿਆਂ ਵਿਚ ਲੁਕੀਆਂ ਪਈਆਂ ਹਨ ਅਤੇ ਅੰਦਰੇ ਅੰਦਰ ਰੰਗ ਪਰੰਗ ਬਖਸ਼ ਰਹੀਆਂ ਹਨ।

—ਚਲਦਾ

# "ਸਿਰ ਲਹਿ ਸਕਦੈ, ਦਸਤਾਰ ਨਹੀਂ"

**ਲੁਧਿਆਣਾ, ੨੨ ਮਈ**—ਹਰਿਆਣੇ ਵਿਚੋਂ ਕੇਸਰੀ ਪੱਗ ਬੰਨ੍ਹ ਕੇ ਲੰਘਣ ਵਾਲੇ ਸਿਖਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦੀਆਂ ਸੂਚਨਾਵਾਂ ਮਿਲ ਰਹੀਆਂ ਹਨ। ਬੀਤੇ ਦਿਨੀਂ ਚੰਡੀਗੜ੍ਹ ਤੋਂ ਬਰਾੜਾ (ਹਰਿਆਣਾ) ਜਾ ਰਹੀ ਹਰਿਆਣਾ ਰੋਡਵੇਜ਼ ਦੀ ਇਕ ਬਸ ਨੂੰ ਹਰਿਆਣਾ ਪੁਲਸ ਨੇ ਹਰਿਆਣਾ ਬਾਰਡਰ ਤੇ ਇਕ ਘੰਟਾ ਰੋਕੀ ਰਖਿਆ, ਕਿਉਂਕਿ ਉਸ ਵਿਚ ਬੈਠੇ ਇਕ ਦਸ ਸਾਲ ਦੇ ਬੱਚੇ ਗੁਰਦੀਪ ਸਿੰਘ ਅਤੇ ਉਸ ਦੇ ਪਿਤਾ ਸ: ਰਣਜੀਤ ਸਿੰਘ ਖਾਲਸਾ ਨੇ ਹਰਿਆਣਾ ਪੁਲਸ ਦੇ ਕਹਿਣ ਤੇ ਕੇਸਰੀ ਦਸਤਾਰਾਂ ਉਤਾਰਨ ਤੋਂ ਇਨਕਾਰ ਕਰ ਦਿਤਾ। ਘਟਨਾ ਅਨੁਸਾਰ ਲੁਧਿਆਣਾ ਦਾ ਸਰਦਾਰ ਰਣਜੀਤ ਸਿੰਘ ਚੰਡੀਗੜ੍ਹ ਤੋਂ ਬਰਾੜਾ ਜਾਣ ਲਈ ਆਪਣੇ ਲੜਕੇ ਦੇ ਨਾਲ ਹਰਿਆਣਾ ਰੋਡਵੇਜ਼ ਦੀ ਬਸ ਤੇ ਬੈਠ ਗਿਆ। ਹਰਿਆਣਾ ਬਾਰਡਰ ਤੇ ਹਰਿਆਣਾ ਪੁਲਸ ਨੇ ਬਸ ਰੋਕ ਕੇ ਬਸ ਵਿਚ ਬਠੇ ਹਰ ਸਿਖ ਦੀ ਦਸਤਾਰ ਵਲ ਵੇਖ ਕੇ ਨਫ਼ਰਤ ਦੀ ਨਜ਼ਰ ਨਾਲ ਕਸਰੀ ਪੱਗਾਂ ਵਾਲਿਆਂ ਨੂੰ ਥੱਲੇ ਉਤਰਨ ਲਈ ਕਿਹਾ, ਪਰ ਉਨ੍ਹਾਂ ਨੇ ਥੱਲੇ ਉਤਰਨ ਤੋਂ ਇਨਕਾਰ ਕਰ ਦਿਤਾ ਤਾਂ ਉਹਨਾਂ ਨੂੰ ਕੇਸਰੀ ਪੱਗਾਂ ਉਤਾਰਨ ਲਈ ਕਹਿ ਦਿਤਾ ਗਿਆ। ਪਰ ਉਸ ਸਮੇਂ ਸਾਰੇ ਪੁਲਸ ਵਾਲੇ ਤੇ ਸਵਾਰੀਆਂ ਹੈਰਾਨ ਹੋ ਗਈਆਂ ਜਦੋਂ ਦਸ ਸਾਲ ਦੇ ਬੱਚੇ ਨੇ ਕੇਸਰੀ ਦਸਤਾਰ ਉਤਾਰਨ ਤੋਂ ਸਾਫ ਇਨਕਾਰ ਕਰ ਦਿਤਾ ਤੇ ਜਦੋਂ ਪੁਲਸ ਵਾਲੇ ਉਸ ਨੂੰ ਦਬਕੇ ਮਾਰਨ ਲਗੇ ਤਾਂ ਉਸ ਨੇ ਕਿਹਾ ਕਿ "ਮੇਰਾ ਸਿਰ ਤਾਂ ਲਹਿ ਸਕਦੈ, ਪਰ ਦਸਤਾਰ ਨਹੀਂ ਲਹਿ ਸਕਦੀ।" ਕਾਫੀ ਬਹਿਸ ਤੋਂ ਬਾਅਦ ਪੁਲਸ ਦੇ ਉਚ ਅਫਸਰ ਦੇ ਪੁਜਣ ਤੇ ਸਿਖ ਸਵਾਰੀਆਂ ਦਾ ਰੁਖ਼ ਦੇਖ ਕੇ ਪੁਲਸ ਅਫਸਰ ਨੇ ਬੱਸ ਨੂੰ ਜਾਣ ਦਿੱਤਾ। ਉਕਤ ਅਫਸਰ ਨੂੰ ਕੁਝ ਸਿਖਾਂ ਨੇ ਕਿਹਾ ਕਿ ਧੱਕੇ ਨਾਲ ਪੱਗਾਂ ਬਦਲ ਕੇ ਕੀ ਕਰੋਗੇ ਜੇ ਸਿੱਖਾਂ ਦੇ ਦਿਲ ਹੀ ਨਾ ਬਦਲੇ?

—ਅਜੀਤ, ੨੩-੫-੮੫



www.AKJ.Org

# ਸਾਡਾ ਨਿਸ਼ਾਨਾ

ਵਲੋਂ ਸ: ਸੰਤਾ ਸਿੰਘ ਜੀ ਆਜਿਜ਼

ਅਸੀਂ ਡਰੀਏ ਨਾ ਕਿਸੇ ਤੋਂ, ਨਾ ਕਿਸੇ ਨੂੰ ਡਰਾਈਏ। ਅਸਾਂ ਲੈਣੇ ਹੱਕ ਪੂਰੇ, ਹਿਕਾਂ ਠੋਕ ਕੇ ਸੁਣਾਈਏ।
ਬਣੀ ਸਾਡੇ ਉਤੇ ਭੀੜਾ, ਹੋਂਦੇ ਹਲਿਆਂ ਤੇ ਹਲੇ। ਕੌਮ ਹੋਈ ਲੀਰੋ ਲੀਰ, ਟੁਟੇ ਧਾੜਵੀ ਹੋ ਝਲੇ।
ਸਾਡੇ ਆਲ੍ਹਣੇ ਨੂੰ ਪਾਜੀਆਂ ਨੇ ਕੀਤਾ ਤੀਲਾ ਤੀਲਾ। ਸਾਡੀ ਹੋਂਦ ਮੇਟਣੇ ਨੂੰ ਕੀਤਾ ਹੀਲਾ ਤੇ ਵਸੀਲਾ।
ਬਣੇ ਹਾਕਮ ਕਸਾਈ, ਕੰਡ ਵੀਰਾਂ ਨੇ ਵਿਖਾਈ। ਢੱਲੀ ਸੁਖਾਂ ਦੀ ਦੁਪਹਿਰ, ਸ਼ਾਮ ਗ਼ਮਾਂ ਦੀ ਹੈ ਛਾਈ।
ਸਿੰਘ ਮਾਰੇ, ਜੀਉਂਦੇ ਸਾੜੇ, ਕਰਵਾਏ ਖ਼ੂਨੀ ਦੰਗੇ। ਡਾਕੂ ਖ਼ੂਨੀ ਹਤਿਆਰੇ, ਨਵੇਂ ਜੰਮ ਪਏ ਔਰੰਗੇ।
ਸਾਡੀ ਰੁਲਦੀ ਰਹੀ ਪੱਤ, ਸਾਡੀ ਲਥਦੀ ਰਹੀ ਆਬ। ਸਾਡਾ ਡੁਲ੍ਹਦਾ ਹੈ ਖ਼ੂਨ, ਸਾਡਾ ਰੁਲਦਾ ਪੰਜਾਬ।
ਸਾਡਾ ਲੁਟਿਆ ਵਿਉਪਾਰ, ਸਾਡੇ ਸਾੜੇ ਘਰ ਬਾਰ। ਸਾਡੀ ਰੁਲੀ ਸਰਦਾਰੀ, ਸਾਡਾ ਰੁਲਿਆ ਵਕਾਰ।
ਲੱਥੀ ਬਾਬਿਆਂ ਦੀ ਪੱਗ, ਲੱਥੀ ਬੀਬੀਆਂ ਦੀ ਲੱਜ। ਸਾਡੇ ਢਹੇ ਗੁਰੂ ਧਾਮ, ਸਾਡੇ ਜੀਉਣ ਦਾ ਕੀ ਹੱਜ।
ਸਤ ਸਤੀਆਂ ਦੇ ਲੁੱਟੇ, ਡਾਢੀ ਮਚੀ ਹਾਹਾਕਾਰ। ਲੱਥੀ ਆਬਰੂ ਭੁਲਾਈਏ, ਸਾਨੂੰ ਲਾਅਨਤਾਂ ਹਜ਼ਾਰ।
ਧੀਆਂ ਭੈਣਾਂ ਰੁਲ ਗਈਆਂ, ਰੁਲੇ ਵੀਰੇ ਮਾਈ ਬਾਪ। ਤਨ ਬੱਚਿਆਂ ਦੇ ਚੀਰੇ, ਕੀਤਾ ਪਾਪੀਆਂ ਨੇ ਪਾਪ।
ਖ਼ੂਨ ਡੋਲ੍ਹਿਆ ਅਜਾਈਂ, ਪਾਈ ਪਿੰਜਰੇ ਜਵਾਨੀ। ਮਰੇ ਲੁਛਦੇ ਪਿਆਸੇ, ਦਿਤਾ ਘੁਟ ਵੀ ਨਾ ਪਾਨੀ।
ਅਜ ਪਾਪੀ ਤੇ ਜਰਵਾਣੇ, ਪਏ ਮਾਣਦੇ ਨੇ ਸੁਖ। ਸਾਡੇ ਘਰਾਂ ਵਿਚ ਸੋਗ, ਸਾਡੇ ਮਨਾਂ ਵਿਚ ਦੁਖ।
ਅਜ ਕਰਦੇ ਮਜ਼ਾਕਾਂ, ਟੱਕੇ ਟੱਕੇ ਦੇ ਗ਼ੁਲਾਮ। ਕਿਵੇਂ ਸੱਚੀਆਂ ਸੁਣਾਈਏ, ਸਾਡੇ ਲਬਾਂ ਤੇ ਲਗ਼ਾਮ।
ਹੱਕ ਮੰਗਿਆਂ ਤੇ ਜਿਹੜੇ ਅਜ ਮਾਰਦੇ ਨੇ ਭਾਨੀ। ਹੱਕ ਉਹਨਾਂ ਦੇ ਦਿਵਾਏ, ਅਸਾਂ ਵਾਰ ਕੇ ਜਵਾਨੀ।

ਧਨ ਸੰਪਤੀ ਲੁਟਾ ਕੇ, ਸਿੰਘੋ ਹੋਣਾ ਨਹੀਂ ਨਿਰਾਸ਼। ਸਾਡੀ ਆਪਣੀ ਜ਼ਮੀਨ, ਸਾਡਾ ਆਪਣਾ ਆਕਾਸ਼।
ਸਾਡਾ ਟੁਟਿਆ ਹੈ ਗੜ੍ਹ ਪਰ ਝੂਲਦੇ ਨਿਸ਼ਾਨ। ਪੀਤੀ ਪਾਹੁਲ ਖੰਡੇ-ਧਾਰ, ਸਾਡਾ ਵਿਰਸਾ ਮਹਾਨ।
ਸਾਰਾ ਦੇਸ਼ ਸਾਡਾ ਸਾਨੂੰ ਨਹੀਂ ਨਸਣੇ ਦੀ ਲੋੜ। ਵੈਰੀ ਭਾਲਦੇ ਉਜਾੜਾ, ਸਾਨੂੰ ਵਸਣੇ ਦੀ ਲੋੜ।
ਅਸੀਂ ਰਹਿਣਾ ਗਜ ਵਜ ਕੇ ਅਡੋਲ ਤੇ ਨਿਸ਼ੰਗ। ਸਾਨੂੰ ਨਾਮ ਦਾ ਸਹਾਰਾ, ਗੁਰੂ ਸਾਡੇ ਅੰਗ ਸੰਗ।
ਸਾਡੇ ਸੀਨੇ ਵਿਚ ਤਾਣ, ਸਾਡੇ ਡੌਲਿਆਂ ਚਿ ਬਲ। ਸਾਡਾ ਇਕੋ ਹੀ ਨਿਸ਼ਾਨਾ, ਰਹੇ ਖਾਲਸਾ ਅਟੱਲ।
ਅਸੀਂ ਗਿਣਤੀ ਚਿ ਘਟ, ਪਰ ਹੌਸਲੇ ਨੇ ਵਧ। ਅਸੀਂ ਲਖਾਂ ਉਤੇ ਭਾਰੂ, ਸਾਡੇ ਸਰੂ ਜਿਡੇ ਕੱਦ।
ਸਾਡੇ ਹਰੇ ਭਰੇ ਖੇਤ, ਸਾਡੇ ਮਿਹਨਤੀ ਕਿਸਾਨ। ਸਾਡੇ ਅੰਗ ਨੇ ਫ਼ੌਲਾਦੀ, ਸਾਡੇ ਹਿੰਮਤੀ ਜੁਆਨ।
ਸਾਡੇ ਵਡੇ ਕਾਰਖਾਨੇ, ਗੂੰਜਾਂ ਪਾਉਂਦੀਆਂ ਮਸ਼ੀਨਾਂ। ਸੋਨਾ ਲੋਹੇ ਤੋਂ ਬਣਾਈਏ, ਅਸੀਂ ਢਾਲ ਕੇ ਪਸੀਨਾ।
ਅਸੀਂ ਦੇਸ਼ ਦੇ ਮਹਾਨ ਰਾਖੇ ਮੰਨਦਾ ਜਹਾਨ। ਕਹਿੰਦਾ ਸਾਨੂੰ ਜੋ ਗੱਦਾਰ, ਉਹਦਾ ਦੀਨ ਨ ਈਮਾਨ।
ਟੀ. ਵੀ. ਰੇਡੀਉ ਤੇ ਸਾਨੂੰ ਜਿਹੜੇ ਭੰਡਦੇ ਮੱਕਾਰ। ਉਹੀਓ ਟੱਕੇ ਟੱਕੇ ਵੇਚਦੇ ਨੇ ਦੇਸ਼ ਦਾ ਵਕਾਰ।
ਲੱਖਾਂ ਦਿਲੀ ਵਿਚ ਡਾਕੂ ਦੇਸ਼ ਕੌਮ ਦੇ ਗ਼ਦਾਰ। ਪੀੜ੍ਹੀ ਹੇਠ ਸੋਟੀ ਫੇਰਦੀ ਨਹੀਂ ਹੱਠੀ ਸਰਕਾਰ।
ਦਗ਼ੇਬਾਜ਼ ਕਰ ਰਹੇ ਭੇਦ ਖ਼ੁਫ਼ੀਆ ਨੀਲਾਮ। ਭੁਖੇ ਬੋਤਲਾਂ ਦੇ ਬਣਦੇ ਪਏ ਗ਼ੈਰਾਂ ਦੇ ਗ਼ੁਲਾਮ।
ਅਸੀਂ ਸਭਨਾਂ ਦੇ ਮੀਤ ਅਤੇ ਸਭ ਦੇ ਸਹਾਈ। ਅਸੀਂ ਕਿਸੇ ਦੇ ਨਾ ਵੈਰੀ, ਸਾਡੇ ਸਭੋ ਭੈਣ ਭਾਈ।
ਅਸੀਂ ਕੂੜ ਦੇ ਵਿਰੋਧੀ, ਅਸੀਂ ਸੱਚ ਦੇ ਪੁਜਾਰੀ। ਸਾਨੂੰ ਸੱਚ ਦੇ ਢੂੰਢਾਊਆਂ ਅਜ਼ਮਾਇਆ ਲਖ ਵਾਰੀ।

ਭੁਖੇ ਅਹੁਦਿਆਂ ਦੇ, ਭੰਡਦੇ ਨੇ ਸਾਨੂੰ ਸਾਡੇ ਵੀਰ। ਲੰਕ ਆਪਣੀ ਹੀ ਫੂਕਦੇ ਨੇ ਵੇਚ ਕੇ ਜ਼ਮੀਰ।
ਇਨ੍ਹਾਂ ਕੌਮੀ ਘਾਤਕਾਂ ਦਾ, ਨਹੀਂ ਕੱਚੀ ਕੌਡੀ ਮੁਲ। ਆਪ ਡੁਬਦੇ ਬੇਪੀਰ, ਨਾਲ ਡੋਬਦੇ ਨੇ ਕੁਲ।
ਐ ਸਿੰਘਾਂ ਦਿਉ ਕਾਤਲੋ, ਸੁਣੋ ਸਾਡੀ ਇਹ ਵੰਗਾਰ। ਤੁਸਾਂ ਕੀਤਾ ਨਿਰਦੋਸ਼ਾਂ ਉਤੇ ਕਾਤਲਾਨਾ ਵਾਰ।



www.AKJ.Org

## ਐ ਕੌਮ ਦੇ ਗ਼ੱਦਾਰੋ

ਵਲੋਂ ਸ: ਸੰਤਾ ਸਿੰਘ ਜੀ ਆਜਿਜ਼

ਐ ਕੌਮ ਦੇ ਗ਼ੱਦਾਰੋ, ਕੀ ਸਿਤਮ ਢਾਹ ਰਹੇ ਹੋ, ਸਿੱਖੀ ਰਵਾਇਤਾਂ ਦੀ ਹੋਲੀ ਜਲਾ ਰਹੇ ਹੋ ?
ਗੁਰਮਤਿ ਮਨੋਂ ਵਿਸਾਰੀ, ਗੁਰਸਿਖੀ ਤੋਂ ਗ਼ਰਜ਼ ਪਿਆਰੀ, ਗ਼ਰਜ਼ਾਂ ਤੇ ਸ਼ੁਹਰਤਾਂ ਲਈ ਕਿਉਂ ਮਰਦੇ ਜਾ ਰਹੇ ਹੋ ?
ਸਤਿਗੁਰ ਦੇ ਸਿਖ ਸਿਪਾਹੀਆਂ,ਠੁਕਰਾਈਆਂ ਸ਼ਹਿਨਸ਼ਾਹੀਆਂ,ਕੁਰਸੀ ਤੇ ਅਹੁਦਿਆਂ ਤੋਂ ਕਿਉਂ ਵਿਕਦੇ ਜਾ ਰਹੇ ਹੋ ?
ਨਿਸ਼ਕਾਮ ਸੇਵਕਾਂ ਦੀ ਸੇਵਾ ਨੂੰ ਘਟੇ ਰੁਲਾ ਕੇ, ਬੇਕਾਰ ਤੁਹਮਤਾਂ ਤੇ ਦੂਸ਼ਨ ਲਗਾ ਰਹੇ ਹੋ ?
ਸਿਖ ਸੰਗਤਾਂ ਦਾ ਜਿਗਰਾ ਦੁਸ਼ਟਾਂ ਨੇ ਚਾਕ ਕੀਤਾ, ਮਰਹਮ ਤੁਸਾਂ ਕੀ ਲਾਉਣੀ, ਨਸ਼ਤਰ ਚੁਭਾ ਰਹੇ ਹੋ ?
ਮਕਤੂਲ ਵੀਰਨਾਂ ਲਈ ਹੰਝੂ ਨਾ ਇਕ ਵਹਾਇਆ, ਹੱਸ ਹੱਸ ਕੇ ਕਾਤਲਾਂ ਦੇ ਗਲ ਹਾਰ ਪਾ ਰਹੇ ਹੋ ?
ਕਿਉਂ ਅਣਖ ਮਿਟ ਗਈ ਤੇ ਗ਼ੈਰਤ ਵੀ ਵਿਕ ਗਈ ਹੈ, ਅਪਮਾਨ ਕੌਮ ਦਾ ਤੱਕ ਖਿਲੀ ਉਡਾ ਰਹੇ ਹੋ ?
ਸਿਖੀ ਸਵਰੂਪ ਧਰ ਕੇ, ਸਿਖੀ ਦਾ ਮਾਣ ਹਰ ਕੇ, ਸਿਖੀ ਦਾ ਘਾਣ ਕਰ ਕੇ, ਖੁਸ਼ੀਆਂ ਮਨਾ ਰਹੇ ਹੋ ?
ਗੁਰਮਤਿ ਦੇ ਮਾਰਗ ਉਤੇ ਫੁੱਲ ਖਿਲਾਰਨੇ ਸਨ, ਅਫ਼ਸੋਸ ਜ਼ਾਲਮੋ, ਕਿਉਂ ਕੰਡੇ ਖਿੰਡਾ ਰਹੇ ਹੋ ?
ਜੇ ਨਹੀਂ ਸੁਆਰ ਸਕਦੇ, ਕਾਰਜ ਵਿਗਾੜਦੇ ਕਿਉਂ, ਸਿਆਸਤ ਦਾ ਨਾਚ ਨੰਗਾ, ਨਚ ਨਚ ਦਿਖਾ ਰਹੇ ਹੋ ?
ਗਲੇ ਆਪਣਿਆਂ ਦੇ ਕਟੇ, ਗ਼ੈਰਾਂ ਦੇ ਤਲੂਏ ਚਟੇ, ਸਿਖੀ ਦੇ ਘਾਤਕਾਂ ਦੇ ਕਿਉਂ ਸੋਹਲੇ ਗਾ ਰਹੇ ਹੋ ?
ਪੜ੍ਹਦੇ ਨਹੀਂ ਅਪੀਲਾਂ, ਸੁਣਦੇ ਨਹੀਂ ਦਲੀਲਾਂ, ਕਿਉਂ ਅੰਨ੍ਹੇ ਬੋਲੇ ਬਣ ਕੇ ਨਜ਼ਰਾਂ ਚੁਰਾ ਰਹੇ ਹੋ ?
ਹੁੰਦਾ ਰਿਹਾ ਸਦਾ ਹੀ ਗ਼ਦਾਰਾਂ ਦਾ ਮੂੰਹ ਕਾਲਾ, ਕਿਉਂ ਦੋ ਜਹਾਨ ਦੀ ਕਾਲਖ ਮੱਥੇ 'ਤੇ ਲਾ ਰਹੇ ਹੋ ?
ਕਿਉਂ ਰਾਜ ਦ ਨਸ਼ੇ ਵਿਚ ਭੁਲੇ ਹੋ ਆਪਣਾ ਵਿਰਸਾ, ਵਤਨਾਂ ਦੇ ਰਾਖਿਆਂ ਨੂੰ ਬੰਦੀ ਬਣਾ ਰਹੇ ਹੋ ?
ਰਾਖੇ ਅਸੀਂ ਵਤਨ ਦੇ, ਸਾਨੂੰ ਧਰਮ ਵੀ ਪਿਆਰਾ, ਸੋਮੇ ਸ਼ਹਾਦਤਾਂ ਦੇ, ਵਗਦੇ ਸੁਕਾ ਰਹੇ ਹੋ ?
ਬਦਨਾਮ ਕਰ ਰਹੇ ਨੇ ਸਿੰਘਾਂ ਨੂੰ ਗ਼ੈਰ ਮਿਥ ਕੇ, ਨਿੰਦਕ ਦੀ ਸੁਰ ਚਿ ਅਪਨੀ ਕਿਉਂ ਸੁਰ ਮਿਲਾ ਰਹੇ ਹੋ ?
ਮਤਲਬ ਦੇ ਯਾਰ ਨੇ ਇਹ, ਡਾਢੇ ਮੱਕਾਰ ਨੇ ਇਹ, ਮੱਕਾਰੀਆਂ ਦੇ ਫੰਦੇ ਚਿ ਕਿਉਂ ਫਸਦੇ ਜਾ ਰਹੇ ਹੋ ?
ਜੇ ਮਜ਼ਹਬ ਅਪਣਾ ਹਿੰਦੂ ਮੁਸਲਮ ਨਿਭਾ ਰਹੇ ਨੇ, ਸਿਖੀ ਸਿਦਕ ਨਿਭਾਵੋ, ਕਿਉਂ ਲੜਖੜਾ ਰਹੇ ਹੋ ?
ਸੰਭਲੋ, ਅਜੇ ਵੀ ਵੇਲਾ, ਕਰ ਲਓ ਜਨਮ ਸੁਹੇਲਾ, ਗੁਰਮਤਿ ਦਾ ਜੁੜਿਆ ਮੇਲਾ, ਕਿਉਂ ਦੂਰ ਜਾ ਰਹੇ ਹੋ ?
ਨਾਨਕ ਦੇ ਦਰ ਤੇ ਆਉ, ਗਲ ਅਪਣੇ ਪਲਾ ਪਾਉ, ਕਰ ਜੋੜ ਸਿਰ ਨਿਵਾਉ, ਕਿਉਂ ਹਿਚਕਿਚਾ ਰਹੇ ਹੋ ?
ਮਨਮਤਿ ਦਾ ਰੰਗ ਕੱਚਾ, ਗੁਰਮਤਿ ਦਾ ਸੰਗ ਸੱਚਾ, ਸੱਚੇ ਦਾ ਬੋਲ ਬਾਲਾ, ਸੱਚ ਕਿਉਂ ਛੁਪਾ ਰਹੇ ਹੋ ?
ਜੇ ਪੰਥ ਬਚ ਰਹੇਗਾ, ਦੁਨੀਆ ਚਿ ਸੱਚ ਰਹੇਗਾ, ਸੱਚੇ ਦਾ ਦੰਮ ਭਰੋ ਹੁਣ ਕਿਉਂ ਦੇਰ ਲਾ ਰਹੇ ਹੋ ?

---

✿ ਤੁਸੀਂ ਮਾਰੇ ਨੇ ਨਿਹੱਥੇ ਸਿੰਘ ਬਣ ਕੇ ਚੰਡਾਲ। ਅਸੀਂ ਸਿੰਘ ਦਸਮੇਸ਼ ਦੇ ਹਾਂ ਕਾਤਲਾਂ ਦੇ ਕਾਲ।
ਅਸੀਂ ਪੁਛਦੇ ਸੁਆਲ, ਦਿਉ ਕਾਤਲੋ ਜੁਆਬ। ਦੇਸ਼ ਉਤੋਂ ਜਿੰਦ ਵਾਰਨੇ ਦਾ ਕੀਹਦਾ ਸੀ ਖ਼ੁਆਬ ?
ਕਿਹਨੇ ਆਪਣਾ ਖ਼ੁਆਬ ਸਚ ਕਰ ਦਿਖਲਾਇਆ ? ਕਿਹਨੇ ਇਸ ਸੱਚ ਲਈ ਸਰਬੰਸ ਸੀ ਕੁਹਾਇਆ ?
ਜੇ ਗੁਰੂ ਦਸਮੇਸ਼ ਦੇ ਅਹਿਸਾਨ ਭੁਲ ਜਾਉਗੇ। ਤਾਂ ਮਿਟੇਗਾ ਖ਼ੁਆਬ, ਖ਼ਾਕ ਵਿਚ ਰੁਲ ਜਾਉਗੇ;
ਛੋਡ ਦਿਓ ਰਾਜ-ਹੱਠ, ਹੱਥ ਪਿਆਰ ਦਾ ਵਧਾਓ। ਡੁਬ ਰਿਹਾ ਸਾਡਾ ਦੇਸ, ਇਹਨੂੰ ਮਿਲ ਕੇ ਬਚਾਓ।
ਮਾਰੇ ਸਿੰਘ ਨਿਰਦੋਸ਼, ਕੰਬ ਉਠੀਆਂ ਦੀਵਾਰਾਂ। ਵਾਰਾਂ 'ਕਲੇ 'ਕਲੇ ਸਿੰਘ ਉਤੋਂ ਦਿਲੀਆਂ ਹਜ਼ਾਰਾਂ।

---

## ਲੇਖਕਾਂ ਦੀ ਸੇਵਾ ਵਿਚ ਬੇਨਤੀ

ਜਿਹੜੇ ਲੇਖ ਹਾਸ਼ੀਆ ਛਡ ਕੇ ਇਕ-ਪਾਸੜ ਨਹੀਂ ਲਿਖੇ ਹੁੰਦੇ, ਨੁਕਰਾਂ ਤਕ ਅਖਰ ਚਿਤਰੇ ਹੁੰਦੇ ਹਨ, ਉਨ੍ਹਾਂ ਵਿਚ ਨਾ ਕੋਈ ਖ਼ਿਆਲ-ਲੜੀ ਹੁੰਦੀ ਹੈ ਤੇ ਨਾ ਹੀ ਕੋਈ ਗੋਂਦ ਜਾਂ ਤਰਤੀਬ; ਅਜਿਹੇ ਲੇਖ ਭਾਵੇਂ ਰਜਿਸਟ੍ਰਡ ਲਫਾਫ਼ਿਆਂ ਵਿਚ ਵੀ ਭੇਜੇ ਜਾਣ, ਉਨ੍ਹਾਂ ਬਾਰੇ ਵੀਚਾਰ ਨਹੀਂ ਕੀਤੀ ਜਾਂਦੀ। —ਸੰਪਾਦਕ



www.AKJ.Org

# ਜਲ ਵਿਖੇ ਅੰਮ੍ਰਿਤ-ਬਾਣੀ ਦੀ ਪਾਰਸ-ਕਲਾ

ਅਜ ਮਾਦਾ-ਪ੍ਰਸਤੀ ਦਾ ਮਨੁਖੀ ਮਨ ਤੇ ਇਤਨਾ ਡੂੰਘਾ ਪ੍ਰਭਾਵ ਛਾਇਆ ਪਿਆ ਹੈ ਕਿ ਉਹ ਹਰ ਗੱਲ ਨੂੰ ਦਿਮਾਗੀ ਪਧਰ ਤੇ ਸੋਚਦਾ ਹੈ। ਸਰਬੱਗ ਸਤਿਗੁਰਾਂ ਦੀਆਂ ਮਹਾਨ ਕਰਨੀਆਂ ਅਤੇ ਕਥਨੀਆਂ ਨੂੰ ਵੀ ਆਪਣੀ ਅਲਪੱਗ ਬੁਧੀ ਦੁਆਰਾ ਹੀ ਪਰਖਦਾ ਤੋਲਦਾ ਹੈ। ਸਾਡੇ ਲੇਖਕ ਤੇ ਇਤਿਹਾਸਕਾਰ ਵੀ ਪਛਮੀ ਵਿਦਿਆ ਦੇ ਅਸਰ ਹੇਠ ਕਈ ਵੇਰ ਇਸੇ ਦਿਮਾਗੀ ਸੋਚਣੀ ਅਧੀਨ ਭਰਮ-ਭੁਲੇਖਿਆਂ ਵਿਚ ਪੈ ਜਾਂਦੇ ਹਨ। ਉਨ੍ਹਾਂ ਨੂੰ ਸਤਿਗੁਰਾਂ ਦੇ ਬਚਨਾਂ ਅਤੇ ਕਿਰਪਾ-ਦ੍ਰਿਸ਼ਟੀ ਅਨੁਸਾਰ, ਕੌੜਿਆਂ ਤੋਂ ਮਿੱਠੇ ਹੋਏ ਰੀਠੇ ਵੀ ਬਨਾਵਟੀ ਜਹੀ ਕਰਾਮਾਤ ਹੀ ਜਾਪਦੇ ਹਨ, ਅਤੇ ਇਸੇ ਤਰ੍ਹਾਂ ਮੱਕੇ ਦਾ ਫਿਰਨਾ ਵੀ ਉਨ੍ਹਾਂ ਲਈ ਅਨਹੋਣੀ ਜਹੀ ਕਰਾਮਾਤ ਹੈ, ਅਤੇ ਫਿਰ ਭਗਤ ਨਾਮਦੇਵ ਜੀ ਦੇ ਦੇਹੁਰੇ ਦਾ ਫਿਰ ਜਾਣਾ ਵੀ ਉਨ੍ਹਾਂ ਨੂੰ ਕੁਝ ਓਪਰਾ ਜਿਹਾ ਲਗਦਾ ਹੈ, ਜਿਸ ਕਰਕੇ ਇਨ੍ਹਾਂ ਸਾਇੰਸ ਦੇ ਮੁੱਠੇ ਲੇਖਕਾਂ ਦੀਆਂ ਤਕਣੀਆਂ ਵਿਚ ਫ਼ਰਕ ਪੈ ਗਿਆ ਅਤੇ ਇਨ੍ਹਾਂ ਸਾਖੀਆਂ ਨੂੰ ਹੋਰ ਤਰ੍ਹਾਂ ਵਿੰਗੇ ਟੇਢੇ ਢੰਗ ਨਾਲ ਪੇਸ਼ ਕਰਦੇ ਹਨ। ਸਰਬ-ਕਲਾ ਸਮਰੱਥ ਸਤਿਗੁਰਾਂ ਦੀਆਂ ਜੀਅ-ਉਧਾਰ ਲਈ ਕੀਤੀਆਂ ਕਰਣੀਆਂ ਵਲੋਂ ਉਹ ਅਸ਼ਰਧਕ ਹੋਏ ਜਾਪਦੇ ਹਨ ਅਤੇ ਗੁਰਸਿਖਾਂ ਦੀ ਸ਼ਰਧਾ-ਭਾਵਨੀ ਨੂੰ ਡੁਲਾਉਣ ਦਾ ਕਾਰਨ ਬਣ ਰਹੇ ਹਨ।

ਸਤਿਗੁਰਾਂ ਦੀਆਂ ਪਰਤੱਖ ਹੋਈਆਂ-ਵਾਪਰੀਆਂ ਘਟਨਾਵਾਂ ਵਾਂਗ ਹੀ, ਸਤਿਗੁਰਾਂ ਦੀ ਬਾਣੀ ਵਿਚਲੀਆਂ ਕਈ ਪੰਗਤੀਆਂ, ਜੋ ਪਾਰਬ੍ਰਹਮ ਪ੍ਰਭੂ ਰੂਪ ਸਤਿਗੁਰਾਂ ਦੀ ਅਗੰਮੀ ਕਲਾ ਦੀਆਂ ਲਖਾਇਕ ਹਨ, ਸਾਡੇ ਅੱਜ ਦੇ ਸਾਇੰਸੀ ਵਿਦਿਆ ਨਾਲ ਚੁੰਧਿਆਏ ਲੇਖਕਾਂ ਨੂੰ ਸੋਚੀਂ ਪਾ ਦਿੰਦੀਆਂ ਹਨ ਅਤੇ ਉਹ ਨਿਜੀ ਸੋਚ-ਸ਼ਕਤੀ ਨਾਲ ਉਨ੍ਹਾਂ ਪੰਕਤੀਆਂ ਦੇ ਪਰਤੱਖ ਭਾਵਾਂ ਨੂੰ ਹੋਰ ਦਾ ਹੋਰ ਰੂਪ ਦੇ ਕੇ ਪ੍ਰਗਟ ਕਰ ਵਿਖਾਂਦੇ ਹਨ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਸਰਲ-ਚਿਤ ਪਾਠਕ ਉਨ੍ਹਾਂ ਦੇ ਅਸਰ ਤੋਂ ਬਚ ਨਹੀਂ ਸਕਦੇ। ਗੁਰਬਾਣੀ ਦੇ ਮਹਾਨ ਵਿਦਵਾਨ ਫਿਲਾਸਫਰ ਲੇਖਕਾਂ ਤੇ ਪਰਚਾਰਕਾਂ ਨੂੰ ਗੁਰਬਾਣੀ ਦੇ ਸਪਸ਼ਟ ਹੁਕਮ ਹੁੰਦਿਆਂ ਵੀ—'ਚਿਤਰ ਗੁਪਤ' 'ਧਰਮ ਰਾਜ' ਆਦਿਕ ਕਲਪਿਤ ਹਸਤੀਆਂ ਹੀ ਜਾਪਦੀਆਂ ਹਨ ਅਤੇ ਅਰਥ ਕਰਨ ਲਗਿਆਂ ਉਹ ਦਸਦੇ ਹਨ ਕਿ 'ਚਿਤਰ ਗੁਪਤ' ਦਾ ਅਰਥ ਹੈ, "ਉਹ ਤਸਵੀਰ ਜੋ ਦਿਖਦੀ ਨਹੀਂ" ਅਤੇ "ਉਹ ਤਸਵੀਰ ਜਿਹੜੀ ਗੁਪਤ ਹੈ—ਚਿਤਰ ਗੁਪਤ।" ਉਨ੍ਹਾਂ ਅਨੁਸਾਰ 'ਚਿਤਰ ਗੁਪਤ' ਕੋਈ ਵਖਰੀ ਹਸਤੀ ਹੈ ਹੀ ਨਹੀਂ; ਪਰ ਗੁਰਬਾਣੀ ਸਪਸ਼ਟ ਕਹਿ ਰਹੀ ਹੈ—

(ੳ) ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ (ਸੁਖਮਨੀ ਸਾਹਿਬ)

(ਅ) ਚਿਤ੍ਰ ਗੁਪਤ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥੪॥੪੦॥ (੩੯੩)

(ੲ) ਚਿਤ੍ਰ ਗੁਪਤ ਜਬ ਲੇਖਾ ਮਾਗਹਿ, ਤਬ ਕਉਣੁ ਪੜਦਾ ਤੇਰਾ ਢਾਕੈ ॥੩॥੨੬॥ (੬੧੬)

(ਸ) ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥੨੭॥ (ਜਪੁਜੀ)

ਗੁਰਬਾਣੀ ਦੇ ਪਰਤੱਖ ਹੁਕਮਾ ਨੂੰ ਵੀ ਜੇ ਅਸੀਂ ਸਹਸ-ਸਿਆਣਪੀ ਬੁੱਧੀ ਅਨੁਸਾਰ ਹੀ ਸੋਚੀਏ ਵਿਚਾਰੀਏ ਤਾਂ ਸਤਿਗੁਰਾਂ ਦੁਆਰਾ ਦਰਸਾਈ ਅਸਲੀਅਤ ਉਪਰ ਪਰਦਾ ਪਾਉਣ ਵਾਲੀ ਗੱਲ ਹੋਵੇਗੀ।

## (੨)

ਇਸੇ ਤਰ੍ਹਾਂ ਹੀ ਜਲ ਵਿਚ ਬਾਣੀ ਦੀ ਪਾਰਸ-ਕਲਾ ਪਰਵੇਸ਼ ਹੋਣ ਨਾਲ ਉਸ ਜਲ ਦੀ ਮਹਾਨਤਾ ਵਧ ਜਾਣ ਵਾਲੀ ਗੱਲ ਵੀ ਸਾਨੂੰ ਸ਼ੰਕਿਆਂ ਵਿਚ ਪਾ ਦਿੰਦੀ ਹੈ, ਭਾਵੇਂ ਗੁਰਬਾਣੀ ਦੇ ਫੁਰਮਾਨ ਇਸ ਬਾਰੇ ਸਪਸ਼ਟ ਹਨ :—

(ੳ) ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ (੬੨੫)

(ਅ) ਹਰਿਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮਦਾਸੁ ਸਰ ॥ (੧੩੬੨)

ਪਛਮੀ ਵਿਦਿਆ ਦੇ ਗ੍ਰਸੇ ਲੇਖਕਾਂ ਨੇ ਇਸ ਤਰ੍ਹਾਂ ਦੇ ਗੁਰ-ਫ਼ੁਰਮਾਨਾਂ ਦੀ ਅਰਥ-ਧਾਰਾ ਹੀ ਬਦਲ ਕੇ


www.AKJ.Org

ਰਖ ਦਿਤੀ ਹੈ ਅਤੇ ਗੁਰ-ਸਰੋਵਰਾਂ ਦੇ ਇਸ਼ਨਾਨ ਦੀ ਸ਼ਰਧਾ-ਭਾਵਨੀ ਨੂੰ ਠੇਸ ਲਾਉਣ ਵਿਚ ਕੋਈ ਕਸਰ ਨਹੀਂ ਛਡੀ। ਸਾਡੇ ਕਾਲਜਾਂ ਦੇ ਨੌਜਵਾਨ ਤਾਂ ਇਸ ਅਰਥ-ਵਿਚਾਰਧਾਰਾ ਅਧੀਨ ਹੀ ਗੁਰ-ਸਰੋਵਰਾਂ ਦੇ ਇਸ਼ਨਾਨ ਨੂੰ ਕੋਈ ਮਹਾਨਤਾ ਨਹੀਂ ਦੇਂਦੇ ਅਤੇ ਉਹ ਵਾਧੂ ਢੁੱਚਰ ਹੀ ਭੇੜਦੇ ਰਹਿੰਦੇ ਹਨ।

ਪਰ ਅੱਜ ਦੀ ਸਾਇੰਸ ਦੀ ਖੋਜ ਨੇ ਇਸ ਸਚਿਆਈ ਨੂੰ ਉਘੇੜ ਕੇ ਰਖ ਦਿਤਾ ਹੈ ਕਿ ਈਥਰ (ਅਕਾਸ਼) ਸਰਬ-ਵਿਆਪਕ ਹੈ ਅਤੇ ਜਦੋਂ ਅਸੀਂ ਬੋਲਦੇ ਹਾਂ ਤਾਂ ਸਾਡੇ ਬੋਲਾਂ ਦੀਆਂ ਈਥਰ ਵਿਚ ਚਲ ਰਹੀਆਂ ਲਹਿਰਾਂ ਜਿਥੇ ਥਲ ਵਿਚ ਸਮਾ ਰਹੀਆਂ ਹੁੰਦੀਆਂ ਹਨ ਉਥੇ ਉਹ ਜਲ ਵਿਚ ਵੀ ਪਰਵੇਸ਼ ਕਰ ਕੇ, ਉਸ ਜਲ ਵਿਚ ਕੋਈ ਹਲੂਣਾ ਪੈਦਾ ਕਰ ਦਿੰਦੀਆਂ ਹਨ।

ਸਾਡੇ ਸਨਮਾਨ ਯੋਗ ਮਹਾਨ ਵਿਦਵਾਨ ਲੇਖਕ ਪ੍ਰੋਫੈਸਰ ਸਾਹਿਬ ਸਿੰਘ ਜੀ ਸਾਇੰਸ ਦੀ ਅੱਜ ਦੀ ਖੋਜ ਦੇ ਅਧਾਰ ਤੇ ਗੁਰ-ਸਰੋਵਰਾਂ ਵਿਚ ਅੰਮ੍ਰਿਤ-ਬਾਣੀ ਦੀ ਇਸ ਕਲਾ ਨੂੰ ਵਰਤਣ ਦਾ ਸੰਕੇਤ ਆਪਣੀ ਪੁਸਤਕ "ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ" ਵਿਚ ਇਉਂ ਦੇਂਦੇ ਹਨ–

"ਸਿਫ਼ਤ ਸਲਾਹ ਦੀਆਂ ਲਹਿਰਾਂ–

ਸ੍ਰਿਸ਼ਟੀ ਰਚਨਾ ਦੇ ਮੂਲ ਪੰਜ ਤੱਤਾਂ ਵਿਚੋਂ ਇਕ ਤੱਤ ਅਕਾਸ਼ (ਈਥਰ) ਹੈ। ਇਹ ਤੱਤ ਸਰਬ-ਵਿਆਪਕ ਹੈ, ਸ੍ਰਿਸ਼ਟੀ ਦੇ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ। ਗਿਆਨ-ਇੰਦ੍ਰੀਆਂ ਦੀ ਵੇਖਣ ਸੁਣਨ ਆਦਿਕ ਕ੍ਰਿਆ ਇਸੇ ਤੱਤ ਦੀ ਰਾਹੀਂ ਹੋ ਸਕਦੀ ਹੈ। ਈਥਰ (ਅਕਾਸ਼) ਮਾਨੋ, ਇਕ ਬੇਅੰਤ ਸਮੁੰਦਰ ਹੈ, ਜਿਸ ਵਿਚ ਸਾਰੀ ਸ੍ਰਿਸ਼ਟੀ ਸਮਾਈ ਹੋਈ ਹੈ, ਅਤੇ ਈਥਰ ਸਾਰੀ ਸ੍ਰਿਸ਼ਟੀ ਦੇ ਕਿਣਕੇ ਕਿਣਕੇ ਵਿਚ ਸਮਾਇਆ ਹੋਇਆ ਹੈ। ਪਾਣੀ ਦੇ ਸਰ ਵਿਚ ਢੇਮ ਮਾਰਿਆਂ ਪਾਣੀ ਵਿਚ ਲਹਿਰਾਂ ਉਠਦੀਆਂ ਹਨ, ਅਤੇ ਚੁਫੇਰੇ ਖਿਲਰਦੀਆਂ ਜਾਂਦੀਆਂ ਹਨ, ਤਿਵੇਂ ਹੀ ਜਦੋਂ ਅਸੀਂ ਬੋਲਦੇ ਹਾਂ ਅਸੀਂ ਈਥਰ (ਅਕਾਸ਼) ਵਿਚ ਲਹਿਰਾਂ ਚਲਾ ਦੇਂਦੇ ਹਾਂ। ਉਹ ਲਹਿਰਾਂ ਚੁਫੇਰੇ ਖਿਲਰਦੀਆਂ ਜਾਂਦੀਆਂ ਹਨ ਅਤੇ ਉਹਨਾਂ ਲਹਿਰਾਂ ਦੀ ਰਾਹੀਂ ਅਵਾਜ਼ ਚੁਫੇਰੇ ਅੱਪੜਦੀ ਹੈ। ਇਹ ਅਕਾਸ਼ ਮਿੱਟੀ ਦੇ ਜ਼ੱਰੇ ਜ਼ੱਰੇ ਵਿਚ ਵੀ ਵਿਆਪਕ ਹੈ। ਬੋਲਣ ਦੀ ਰਾਹੀਂ ਚਲਾਈਆਂ ਹੋਈਆਂ ਲਹਿਰਾਂ ਚੁਫੇਰੇ ਨਿੱਗਰ ਚੀਜ਼ਾਂ ਵਿਚ ਭੀ ਜਾ ਹੁਲਾਰਾ ਦੇਂਦੀਆਂ ਹਨ ਅਤੇ ਜਲ ਵਿਚ ਭੀ।

ਸ੍ਰੀ ਹਰਿਮੰਦਰ ਸਾਹਿਬ ਵਿਚ ਅੱਠੇ ਪਹਿਰ ਕੀਰਤਨ ਹੁੰਦਾ ਹੈ, ਪਰਮਾਤਮਾ ਦੀ ਸਿਫ਼ਤ-ਸਲਾਹ ਹੁੰਦੀ ਹੈ। **ਈਥਰ (ਅਕਾਸ਼) ਦੀ ਰਾਹੀਂ ਸਿਫ਼ਤ-ਸਲਾਹ ਦੀਆਂ ਇਹ ਲਹਿਰਾਂ ਚੁਫੇਰੇ ਕੰਧਾਂ ਕੋਠੀਆਂ ਅਤੇ ਜਲ ਦੇ ਜ਼ੱਰੇ ਜ਼ੱਰੇ ਵਿਚ ਕਂਬਣੀ (ਥੱਰਾਹਟ) ਛੇੜਦੀਆਂ ਰਹਿੰਦੀਆਂ ਹਨ।** ਇਸ ਤਰ੍ਹਾਂ ਕੁਦਰਤ ਦੇ ਇਕ ਲੁਕਵੇਂ ਨਿਯਮ ਦੀ ਬਰਕਤ ਨਾਲ ਸ੍ਰੀ ਹਰਿਮੰਦਰ ਸਾਹਿਬ ਅਤੇ ਉਸ ਦਾ ਚੁਗਿਰਦਾ ਹਰ ਵੇਲੇ ਸਿਫ਼ਤ-ਸਲਾਹ ਦੀਆਂ ਲਹਿਰਾਂ ਦੇ ਛੱਟਿਆਂ ਨਾਲ, ਮਾਨੋ, ਧੁਪਦਾ ਰਹਿੰਦਾ ਹੈ। ਇਹ ਲਹਿਰਾਂ **ਸਰੋਵਰ ਦੇ ਜਲ ਦੇ ਕਿਣਕੇ ਕਿਣਕੇ ਨੂੰ ਬਾਣੀ ਦੀ ਵਰਖਾ ਨਾਲ ਅੰਮ੍ਰਿਤ ਬਣਾਈ ਜਾਂਦੀਆਂ ਹਨ। ਕੁਦਰਤ ਦਾ ਇਹ ਭੇਤ ਸਾਇੰਸ ਦੇ ਖੋਜੀਆਂ ਨੇ ਲਭ ਵਿਖਾਇਆ ਹੈ।"**

[ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ, ਪੰਨਾ ੨੨-੨੩

'ਪ੍ਰਤਖ ਹਰਿ' ਸਰੂਪ ਸਤਿਗੁਰੂ ਅਕਲ-ਕਲਾ-ਸ਼ਕਤੀਆਂ ਵਿਚ ਓਤਿ ਪੋਤਿ ਸਦਾ ਸਾਮਰਤੱਖ ਹਨ। ਕੁਦਰਤ ਦੇ ਉਹ ਭੇਤ ਜੋ ਸਾਡੀਆਂ ਨਜ਼ਰਾਂ ਤੋਂ ਉਹਲੇ ਹਨ, ਉਹ ਕੁਦਰਤ ਸਤਿਗੁਰਾਂ ਦੀ ਦਾਸੀ ਹੋ ਵਰਤ ਰਹੀ ਹੈ। ਕੁਦਰਤ ਦੇ ਜੋ ਭੇਤ ਸਾਡੇ ਲਈ ਗੁਝੇ ਹਨ, ਉਹ ਸਤਿਗੁਰਾਂ ਨੂੰ ਪਰਤੱਖ ਹਨ। ਉਨ੍ਹਾਂ ਤੋਂ ਕੁਝ ਗੁਝਾ ਛਿਪਾ ਨਹੀਂ। ਜੋ ਗੱਲਾਂ ਸਾਇੰਸਦਾਨ ਅੱਜ ਲਭ ਰਹੇ ਹਨ, ਉਨ੍ਹਾਂ ਨੂੰ ਅੰਤਰਜਾਮੀ ਸਤਿਗੁਰਾਂ ਨੇ ਕਈ ਸੌ ਸਾਲ ਪਹਿਲਾਂ ਸਾਮਰਤੱਖ ਰੂਪ ਵਿਚ ਵਰਤ ਕੇ ਵਿਖਾਇਆ। ਗਾਵੀ ਤੇ ਪੜ੍ਹੀ ਜਾਂਦੀ ਗੁਰਬਾਣੀ ਦੀ ਇਹੋ ਪਾਰਸ-ਕਲਾ ਗੁਰ-ਸਰੋਵਰਾਂ ਵਿਚ ਵੀ ਵਰਤਦੀ ਹੈ।



www.AKJ.Org

ਕੁਦਰਤ ਦੀ ਇਸੇ ਅਗੰਮੀ ਕਲਾ ਦੇ ਅਧੀਨ ਸ੍ਰੀ ਅਖੰਡਪਾਠ ਲਾਗੇ ਜਲ ਦਾ ਕੁੰਭ (ਘੜਾ) ਰਖਿਆ ਜਾਂਦਾ ਹੈ। ਗੁਰੂ-ਚਰਨਾਂ ਵਿਚ ਜੁੜੇ ਰੰਗ-ਰਤੇ ਪਾਠੀਆਂ ਦੇ ਪਾਠ ਦੁਆਰਾ ਉਹ ਜਲ ਅੰਮ੍ਰਿਤ-ਬਾਣੀ ਦੀ ਪਾਰਸ-ਕਲਾ ਸਪੰਨ ਹੋ ਜਾਂਦਾ ਹੈ। ਅੰਮ੍ਰਿਤ-ਬਾਣੀ ਦੀ ਨਿਰੰਤਰ ਅੰਮ੍ਰਿਤ-ਬਰਖਾ ਨਾਲ ਇਸ ਜਲ ਵਿਚ ਪਾਰਸ-ਕਲਾ ਵਰਤੀਜ ਜਾਂਦੀ ਹੈ ਤੇ ਉਸ ਜਲ ਨੂੰ ਸ਼ਰਧਾ-ਭਾਵਨੀ ਨਾਲ ਛਕਣ ਨਾਲ, ਹਿਰਦੇ ਅੰਦਰ ਨਾਮ-ਬਾਣੀ ਦੀ ਠੰਢ ਵਰਤਦੀ ਹੈ। ਅਜਿਹਾ ਕਰਨਾ ਮਨਮਤਿ ਨਹੀਂ। ਹਾਂ, ਬ੍ਰਾਹਮਣੀ ਮਤ ਦੀ ਰੀਸੇ ਪਾਣੀ ਦਾ ਘੜਾ ਲਾਲ ਕਪੜੇ ਨਾਲ ਢਕ ਕੇ, ਉਪਰ ਅੱਟੇ ਨਾਲ ਲਪੇਟ ਕੇ ਨਾਰੀਅਲ ਆਦਿ ਰਖਣਾ ਜ਼ਰੂਰ ਮਨਮਤੀ ਕਰਮ ਹੈ। ਅੰਮ੍ਰਿਤ-ਸਿੰਚਾਰ ਲਈ ਕੁੰਭ ਦਾ ਇਹ ਉਤਮ ਤੇ ਪਵਿਤਰ ਜਲ ਵਰਤਿਆ ਜਾਂਦਾ ਹੈ ਅਤੇ ਫਿਰ ਅੰਮ੍ਰਿਤ-ਬਾਟਾ ਤਿਆਰ ਕਰਨ ਸਮੇਂ ਜਿਥੇ ਪ੍ਰਵਾਣਿਤ ਗੁਰ-ਮਰਯਾਦਾ ਅਧੀਨ ਪੂਰਨ-ਜੋਤਿ-ਜਗੰਨੇ ਤਿਆਰ-ਬਰ-ਤਿਆਰ ਪੰਜ ਪਿਆਰਿਆਂ ਦੁਆਰਾ ਪੰਜਾਂ ਬਾਣੀਆਂ ਦੇ ਪਾਠ ਦੇ ਨਾਲ ਨਾਲ ਸਰਬ ਲੋਹੀ ਖੰਡੇ ਦੀ ਲਗਾਤਾਰੀ ਰਗੜ ਦਿਤੀ ਜਾਂਦੀ ਹੈ ਉਥੇ ਨਾਮ-ਰੰਗ-ਰਤੇ ਅੰਮ੍ਰਿਤ-ਭਿੰਨੇ-ਲੋਇਣਾਂ ਦੀ ਅੰਮ੍ਰਿਤ-ਦ੍ਰਿਸ਼ਟੀ ਦੀ ਸਪਰਸ਼ ਵੀ ਉਸ ਜਲ ਵਿਚ ਪ੍ਰਤੱਖ ਅੰਮ੍ਰਿਤ-ਕਲਾ ਵਰਤਾ ਦਿੰਦੀ ਹੈ। ਇਉਂ ਇਹ ਅੰਮ੍ਰਿਤ-ਬਾਟਾ ਤਿਆਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀਆਂ ਨੂੰ ਜਦੋਂ ਇਹ 'ਅੰਮ੍ਰਿਤ' ਵਿਧੀ-ਵਿਧਾਨ ਅਨੁਸਾਰ ਛਕਾਇਆ ਜਾਂਦਾ ਹੈ ਤਾਂ ਸ਼ਰਧਾਵਾਨ ਜਗਿਆਸੂਆਂ ਤੇ ਐਸੀ ਅਗੰਮੀ ਕਲਾ ਵਰਤਦੀ ਹੈ ਕਿ ਉਨ੍ਹਾਂ ਦੇ ਰਗੂ-ਰੇਸ਼ੇ ਵਿਚ ਨਾਮ-ਅੰਮ੍ਰਿਤ ਪ੍ਰਵੇਸ਼ ਕਰ ਜਾਂਦਾ ਹੈ। ਉਹ ਨਾਮ-ਜਾਪ ਵਿਚ ਮਸਤ ਹੋ ਜਾਂਦੇ ਹਨ ਅਤੇ ਕਿੰਨਾ ਕਿੰਨਾ ਸਮਾਂ ਇਸੇ ਲਿਵ-ਲੀਨ ਅਵਸਥਾ ਵਿਚ ਰੰਗੀਜੇ ਰਹਿੰਦੇ ਹਨ। ਫਿਰ ਨਿਤਾਪ੍ਰਤਿ ਅੰਮ੍ਰਿਤ ਵੇਲੇ ਨਾਮ-ਸਿਮਰਨ ਦੀ ਕਮਾਈ ਕਰਨ ਨਾਲ ਹੀ ਇਹ ਚੜ੍ਹਦੀ ਕਲਾ ਕਾਇਮ ਰਹਿ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ-ਸ਼ਬਦ ਦੀ ਪਾਰਸ ਕਲਾ ਦੇ ਇਸ ਅਗੰਮੀ ਭੇਦ ਨੂੰ ਪ੍ਰਗਟਾ ਕੇ ਅਤੇ ਫਿਰ ਆਪਣੀ ਹੀਣ ਹਯਾਤ ਵਿਚ ਹੀ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ-ਬਾਟਾ ਤਿਆਰ ਕਰਵਾ ਕੇ ਪ੍ਰਾਣੀ ਮਾਤਰ ਦੇ ਉਧਾਰ ਦਾ ਬਾਨ੍ਹਣੂ ਬੰਨ੍ਹ ਦਿਤਾ। ਨਾਮ-ਰੰਗ-ਰਤੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪ੍ਰਾਪਤ ਕਰ ਕੇ ਹੀ, ਨਾਮ ਦੀ ਪੂਰਨ ਕਲਾ ਵਰਤ ਸਕਦੀ ਹੈ ਅਤੇ ਨਿਗੁਰਿਓਂ ਸਗੁਰੇ ਹੋ ਸਕੀਦਾ ਹੈ। ਪੰਚਾਂ ਰਾਹੀਂ ਅੰਮ੍ਰਿਤ ਪਾਨ ਕੀਤੇ ਬਿਨਾਂ ਕੋਈ ਆਪੋਂ ਹੀ ਅਖੰਡ ਪਾਠ ਸਮੇਂ ਰਖੇ ਕੁੰਭ ਦਾ ਜਲ ਛਕ ਕੇ ਜਾਂ ਗੁਰ-ਸਰੋਵਰ ਚੋਂ ਜਲ ਦਾ ਚੁਲਾ ਲੈ ਕੇ ਅੰਮ੍ਰਿਤ-ਧਾਰੀ ਨਹੀਂ ਹੋ ਸਕਦਾ, ਐਸਾ ਸਮਝਣਾ ਜਾ ਆਖਣਾ ਨਿਰੀ ਨਿਜ-ਮਤਿ ਅਥਵਾ ਮਨਮਤਿ ਹੈ।

ਗੁਰੂ ਕੀ ਬਾਣੀ ਅੰਮ੍ਰਿਤ ਹੈ, ਗੁਰੂ ਕੇ ਬਚਨ ਅੰਮ੍ਰਿਤ ਹਨ ਅਤੇ ਅੰਮ੍ਰਿਤ-ਬਚਨਾਂ ਵਿਚ ਪਾਰਸ-ਕਲਾ ਹੈ। ਗੁਰਬਾਣੀ ਦੇ ਅੰਮ੍ਰਿਤ-ਬਚਨਾਂ ਦੀ ਪਾਰਸ-ਕਲਾ ਦੇ ਤੁਫ਼ੈਲ ਅਨੇਕਾਂ ਪ੍ਰਾਣੀਆਂ ਦੇ ਹਿਰਦੇ ਨਿਰਮਲ ਤੇ ਸਵੱਛ ਹੁੰਦੇ ਹਨ। ਅੰਮ੍ਰਿਤ ਬਾਣੀ ਦੀ ਪਾਰਸ-ਕਲਾ ਸੁਰਤੀਆਂ ਬਿਰਤੀਆਂ ਨੂੰ ਸਿਕਲ ਕਰ ਕੇ ਸਵੱਛ ਕਰਦੀ ਹੈ। ਅੰਮ੍ਰਿਤ-ਬਾਣੀ ਦੀ ਸਰੋਤ ਮਾਇਆਵੀ ਜੀਵਾਂ ਦੇ ਹਿਰਦੇ ਨਿਰਮਲ ਕਰ ਕੇ, ਉਨ੍ਹਾਂ ਨੂੰ ਨਾਮ-ਅੰਮ੍ਰਿਤ ਦੀ ਪ੍ਰਾਪਤੀ ਲਈ ਪ੍ਰੇਰਦੀ ਹੈ, ਪਰ ਇਹ ਨਾਮ-ਅੰਮ੍ਰਿਤ ਸਤਿਗੁਰਾਂ ਵਲੋਂ ਬੱਧੀ ਗੁਰ-ਮਰਯਾਦਾ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਗੁਰ-ਮਰਯਾਦਾ ਦੀ ਪੂਰਨ ਜੁਗਤਿ ਵਰਤਾਉਣ ਲਈ ਅਥਵਾ ਪ੍ਰਾਣੀਆਂ ਨੂੰ ਗੁਰ-ਦੀਖਿਅਤ ਕਰਨ ਲਈ ਦੇਹ ਦੀ ਲੋੜ, ਕਰਨੀ-ਕਮਾਈ ਵਾਲੇ ਤਿਆਰ-ਬਰ-ਤਿਆਰ ਪੰਜ ਗੁਰਸਿਖਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਸਤਿਗੁਰਾਂ ਨੇ ਪੰਜ ਪਿਆਰਿਆਂ ਦੀ ਸੰਗਯਾ ਦਿਤੀ।

ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ ਹੀ ਅਤੇ ਨਾਮ-ਅੰਮ੍ਰਿਤ ਪ੍ਰਾਪਤ ਕਰ ਕੇ ਹੀ ਨਿਗੁਰਿਓਂ ਸਗੁਰੇ ਹੋ ਸਕੀਦਾ ਹੈ, ਐਵੇਂ ਨਹੀਂ, ਇਸ ਸੰਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ—

> "ਸਤਿਗੁਰੂ ਦੇ ਪਾਵਣ ਦੀ ਬਿਧੀ, ਨਿਗੁਰਿਓਂ ਸਗੁਰੇ ਹੋਣ ਦੀ ਜੁਗਤੀ, ਮਨਮੁਖ ਤੋਂ ਗੁਰਮੁਖ ਬਣਨ ਦੀ ਬਿਉਂਤ, ਨਾਮ-ਹੀਣ ਤੋਂ ਨਾਮ-ਪ੍ਰਬੀਨ ਹੋਣ ਦੀ ਸਬੀਲ, ਇਹ ਸਭ ਕੁਝ ਸ੍ਰੀ ਦਸਮੇਸ਼ ਜੀ ਪ੍ਰਚੁਰ ਕੀਤੀ ਪਵਿਤਰ ਅੰਮ੍ਰਿਤ ਮਰਯਾਦਾ ਵਿਚ ਹੈ। ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ


www.AKJ.Org

ਛਕਿਆ, ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸ ਨੂੰ ਸਤਿਗੁਰੂ ਮਿਲਿਆ ਹੈ। ਉਹ ਨਿਗੁਰਾ ਹੈ। ਉਸ ਨੂੰ ਨਾਮ ਗੁਰ-ਮੰਤ੍ਰ ਪ੍ਰਾਪਤ ਹੀ ਨਹੀਂ ਹੋ ਸਕਦਾ। ਜਿਸ ਦਾ ਕੋਈ ਇਸ਼ਟ ਗੁਰੂ ਹੀ ਨਹੀਂ ਉਸ ਨੂੰ ਨਾਮ ਕਿਥੇ ?''

[ਟ੍ਰੈਕਟ 'ਸ਼ਬਦ ਗੁਰੂ', ਪੰਨਾ ੯੮

ਫਿਰ ਨਾਮ-ਅੰਮ੍ਰਿਤ-ਕਲਾ ਪ੍ਰਗਟਾਉਣ ਦੀ ਰਮਜ਼ ਪ੍ਰਗਟ ਕਰਦੇ ਹੋਏ ਭਾਈ ਸਾਹਿਬ ਲਿਖਦੇ ਹਨ—

''ਨਾਮ-ਉਰਹਾਰੀ, ਸ਼ਬਦ-ਵਿਚਾਰੀ ਅਭਿਆਸ ਕਮਾਈਆਂ ਦੇ ਕਲਾਧਾਰੀ ਗੁਰਸਿਖ ਜਨ ਪ੍ਰਗਟ ਗੁਰਾਂ ਦੀ ਦੇਹ ਅੰਦਰ ਪੂਰਨ ਗੁਰ-ਜੋਤਿ ਜਲਵਾ ਸਾਂਗੋ-ਪਾਂਗ ਵੇਖਦੇ ਹਨ। ਐਸੇ ਗੁਰ-ਜੋਤਿ-ਜਲਵਾ-ਅਫ਼ਰੋਜ਼ ਗੁਰੂ-ਹਜ਼ੂਰੀਏ, ਪੰਚ ਪਰਵਾਨ ਜਨਾਂ ਦਾ ਪੁੰਜ, ਪ੍ਰਗਟ ਗੁਰਾਂ ਦੀ ਦੇਹ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਹਜ਼ੂਰੀ ਵਿਚ ਸਿਮਰਨ-ਕਲਾ ਵਰਤਾ ਸਕਦਾ ਹੈ. ਕਿਉਂਕਿ ਉਹਨਾਂ ਅੰਦਰ ਨਾਮ-ਦਾਤੇ ਪੂਰੇ ਸਤਿਗੁਰ ਸਾਰਖੀ ਹੀ ਪੂਰਨ ਸਿਮਰਨ-ਦਾਤਿ-ਕਲਾ ਦੀ ਸਮਰੱਥਾ ਹੁੰਦੀ ਹੈ। ... ਸਤਿਗੁਰੂ ਦਾਤੇ ਬਾਝੋਂ ਇਹ ਸਿਮਰਨ-ਦਾਤਿ ਅੰਮ੍ਰਿਤ ਘਣੀ ਕਣੀ (ਸਵਾਂਤੀ ਬੂੰਦ) ਹੋ ਕੇ ਪ੍ਰਕਰਦੀ ਹੀ ਨਹੀਂ। ਗੁਰੂ ਸਰੂਪ ਪੰਚਾਇਣ ਪਦ ਨੂੰ ਹੀ ਇਹ ਵਿਸ਼ੇਸ਼ਤਾ ਹੈ ਕਿ ਸਿਮਰਨ-ਦਾਤਿ ਨੂੰ ਸੁਫਲ ਫਲਕਾਰੀ ਕਰ ਸਕੇ।'' [ਟ੍ਰੈਕਟ ''ਸ਼ਬਦ ਗੁਰੂ'', ਪੰਨਾ ੧੨-੧੩

ਸੋ ਆਪੇਂ ਹੀ ਅੰਮ੍ਰਿਤ-ਸ੍ਰੋਵਰ ਵਿਚੋਂ ਚੁਲਾ ਛਕ ਕੇ, ਕਿਰਪਾਨ ਪਹਿਨ ਕੇ ਕੋਈ ਪ੍ਰਾਣੀ ਕਹੇ ਕਿ ਅੰਮ੍ਰਿਤ-ਧਾਰੀ ਹੋ ਗਿਆ ਹਾਂ, ਇਹ ਉਸ ਦੀ ਖ਼ਾਮ-ਖ਼ਿਆਲੀ ਹੈ। ਨਿਗੁਰਿਓਂ ਸਗੁਰੇ ਹੋਣ ਲਈ, ਗੁਰੂ ਵਰਤਾਈ ਜੁਗਤਿ ਅਨੁਸਾਰ ਕਰਨੀ-ਕਮਾਈ ਵਾਲੇ ਪੰਜਾਂ ਪਿਆਰਿਆਂ ਪਾਸੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਿਆਰ ਕੀਤਾ ਖੰਡੇ ਦਾ ਅੰਮ੍ਰਿਤ ਪਾਨ ਕਰਨਾ ਸਿਖ ਬਣਨ ਦੀ ਪਹਿਲੀ ਸ਼ਰਤ ਹੈ। ਇਹ ਪੱਕੀ ਗੱਲ ਹੈ।

---

# ਮੇਰਾ ਇਤਿਹਾਸਕ ਖਜ਼ਾਨਾ ਸਭ 'ਸੂਰਾ' ਲਈ ਹੈ

ਕੈਪਟਿਨ ਸਵਰਨ ਸਿੰਘ ਜੀ ਸਿਖ ਇਤਿਹਾਸ ਦੇ ਸਾਰੇ ਸੋਮਿਆਂ ਦੀ ਖੋਜ-ਪੜਤਾਲ ਕਰਕੇ ਅਤੇ ਚੰਗੀ ਤਰ੍ਹਾਂ ਪੁਣ-ਛਾਣ ਕੇ ਪੇਸ਼ ਕਰਨ ਦੀ ਕਿਰਪਾ ਕਰਦੇ ਰਹਿੰਦੇ ਹਨ। ''ਅਬਦਾਲੀ, ਸਿਖ ਤੇ ਵਡਾ ਘਲੂਘਾਰਾ'' ਸਾਢੇ ਤਿੰਨ ਸਾਲ 'ਸੂਰਾ' ਵਿਚ ਕਿਸ਼ਤਵਾਰ ਛਪਦਾ ਰਿਹਾ ਹੈ, ਜਿਸ ਨੂੰ ਕਿਤਾਬੀ ਰੂਪ ਵਿਚ ਕਈ ਸਜਣਾਂ ਵਲੋਂ ਮੰਗ ਕੀਤੀ ਜਾ ਰਹੀ ਹੈ। ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' ਕੁਝ ਕਿਸ਼ਤਾਂ ਵਿਚ ਛਪ ਜਾਣ ਤੋਂ ਪਿਛੋਂ ਅਸੀਂ ਕੈਪਟਿਨ ਸਾਹਿਬ ਨੂੰ ਨਵੀਂ ਲੇਖ-ਲੜੀ ਭੇਜਣ ਲਈ ਬੇਨਤੀ ਕੀਤੀ ਤਾਂ ਆਪ ਜੀ ਦਾ ਹੇਠ ਲਿਖਿਆ ਉਤਰ ਆਇਆ। ਦਾਸਰਾ --ਸੰਪਾਦਕ

''ਸੂਰਾ'' ਦੇ ਪਾਠਕਾਂ ਤੋਂ ਗ਼ੈਰਹਾਜ਼ਰ ਹੋਣਾ ਮੈਂ ਪਾਪ ਸਮਝਦਾ ਹਾਂ। ਇਹ ਧਰਮੀਆਂ ਦਾ ਮਾਸਕ ਪੱਤਰ ਹੈ ਇਸ ਤੋਂ ਅਸ਼ੀਰਵਾਦ ਦੇ ਭਾਗੀ ਨਾ ਬਣਨਾ ਕਿਡੇ ਘਾਟੇ ਵਾਲੀ ਗੱਲ ਹੈ। ਜੋ ਕੁਝ ਵੀ ਨੋਟਸ ਦੇ ਰੂਪ ਵਿਚ ਅਤੇ ਆਪਣੀ ਯਾਦਾਸ਼ਤ ਵਿਚ ਸਾਂਭਿਆ ਹੈ, ਸਭ 'ਸੂਰਾ' ਵਾਸਤੇ ਹੀ ਹੈ। ਇਸ ਨੂੰ ਸੋਧ ਕੇ 'ਹੱਕੀਆਂ' ਦੀ ਭੇਟਾ ਕਰਨਾ ਆਪਣਾ ਜੀਵਨ ਸਫਲ ਕਰਨ ਦਾ ਸਾਧਨ ਹੈ। ਇਸ ਮਨੋਰਥ ਦੀ ਪੂਰਤੀ ਮੇਰੀ ਪ੍ਰਬਲ ਤਾਂਘ ਹੈ।

ਪਰ ਅਫਸੋਸ ਹੈ ਕਿ ਜੂਨ ਦੇ ਪਰਚੇ ਵਿਚ ਹਾਜ਼ਰੀ ਨਹੀਂ ਲਗਵਾ ਸਕਾਂਗਾ। ਪਾਪ ਦਾ ਭਾਗੀ ਹਾਂ, ਆਪ ਤੇ ਪਾਠਕਾਂ ਤੋਂ ਖਿਮਾ ਮੰਗਦਾ ਹਾਂ। ੨੬ ਅਪ੍ਰੈਲ ਤੋਂ ਹੁਣ ਤਕ ਇਕ ਉਲਝਣ ਨੇ ਮੁਸ਼ਕਾਂ ਕੱਸ ਛਡੀਆਂ ਹਨ। ਇਸ ਸ਼ਿਕੰਜੇ ਦੀ ਘੁਟ ੧੦ ਜੂਨ ਤੋਂ ਪਿਛੋਂ ਘਟ ਜਾਣ ਦੀ ਆਸ ਹੈ। ਫਿਰ ਹਾਜ਼ਰੀ ਲਗਵਾਵਾਂਗਾ। ਭਾਈ ਤਾਰੂ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਮੱਸੇ ਰੰਗੜ ਨੂੰ ਕਰਨੀ ਦਾ ਫਲ ਤੇ ਛੋਟਾ ਘਲੂਘਾਰਾ ਪਾਠਕਾਂ ਦੀ ਸੇਵਾ ਵਿਚ ਭੇਟ ਕਰ ਦਿਤੇ ਜਾਣਗੇ।

''ਵਡਾ ਘਲੂਘਾਰਾ'' ਕਿਤਾਬੀ ਰੂਪ ਲਈ ਸੋਧ ਕੇ ਅਗਸਤ ਤਕ ਆਪ ਨੂੰ ਪੇਸ਼ ਕਰ ਦਿਤਾ ਜਾਵੇਗਾ।

ਆਪ ਦੀ ਰੀਝ ਤੇ ਹੁਕਮ ਦੀ ਪਾਲਣਾ ਲਈ, ਆਪ ਜੀ ਵਲੋਂ ਆਪਣੇ ਹੱਕ ਵਿਚ ਸਤਿਗੁਰੂ ਅਗੇ ਅਰਦਾਸ ਕਰਨ ਲਈ ਸਨਿਮਰ ਬੇਨਤੀ ਕਰਦਾ ਹਾਂ। ਆਪ ਜੀ ਦੀ ਸੱਚੇ ਹਿਰਦੇ ਚੋਂ ਕੀਤੀ ਅਰਦਾਸ, ਦਾਸ ਤੋਂ ਬਹੁਤ ਕੁਝ ਕਰਾ ਲੈ ਲਵੇਗੀ। ਸਿੰਘਾਂ ਸੂਰਮਿਆਂ ਦੇ ਹੁਕਮਾਂ ਦੀ ਪਾਲਣਾ ਦੀ ਲਾਲਸਾ ਮੇਰੇ ਜੀਵਨ ਦੀ ਉਤਮ ਰਾਸ਼ੀ ਹੈ। ਗੁਰੂ ਰਹਿਮਤ ਕਰਨ, ਆਪ ਜੀ ਦਾ ਭਰੋਸਾ ਜਿਤਣ ਲਈ ਪੂਰਾ ਯਤਨ ਕਰਾਂਗਾ। ਸੇਵਕ—ਸਵਰਨ ਸਿੰਘ

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਦਿਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਹੋਏ ਕਤਲੇ-ਆਮ ਵਿਚ ਅਨਗਿਣਤ ਬੀਬੀਆਂ ਵਿਧਵਾ ਹੋਈਆਂ ਤੇ ਹਜ਼ਾਰਾਂ ਬੱਚੇ ਯਤੀਮ ਬਣੇ. ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਇਸ ਜਥੇ ਨੂੰ ਭੇਜੀ ਜਾਣ ਵਾਲੀ ਰਕਮ ਕਿਸੇ ਜ਼ਾਤੀ ਨਾਂ ਤੇ ਨਹੀਂ, ਸਗੋਂ ਕੇਵਲ "ਅਖੰਡ ਕੀਰਤਨੀ ਜਥਾ, ਅੰਮ੍ਰਿਤਸਰ" ਦੇ ਨਾਂ ਤੇ ਭੇਜੋ। ਐਤਕੀ ਪੁਜੀ ਮਾਇਆ ਦਾ ਵੇਰਵਾ ਇੰਜ ਹੈ—

| | |
|---|---|
| ਸ: ਦਰਸ਼ਨ ਸਿੰਘ ਮੂਲੀਆਂ ਵਾਲ (ਗੁਰਦਾਸਪੁਰ) | ੨੦-੦੦ |
| ਸ: ਹਰਬੰਸ ਸਿੰਘ ਬਗਾ, ਲੁਧਿਆਣਾ ... ... | ੧੦੦-੦੦ |
| ਸੰਗਤ ਭੂਪਾਲ ...... | ੫੦੦-੦੦ |
| ਭਾਈ ਜੁਗਿੰਦਰ ਸਿੰਘ, ਕਪੂਰਥਲਾ | ੧੦ -੦੦ |
| ਗੁਪਤ ਦਿਲੀ ਤੋਂ (ਸਕਾਲਰਸ਼ਿਪ ਫੰਡ ਵਿਚ) | ੫੦,੦੦੦-੦੦ |
| ਬੀਬੀ ਜਗਜੀਤ ਕੌਰ ਖਾਲਸਾ, ਨੰਗਲ ਟਾਊਨ ਸ਼ਿਪ | ੫੧-੦੦ |
| ਪ੍ਰੋ: ਠਾਕਰ ਸਿੰਘ ਅੰਮ੍ਰਿਤਸਰ ਪਿਤਾ ਜੀ ਦੇ ਭੋਗ ਸਮੇਂ | ੬੪-੧੦ |
| ਸ: ਬਲਵਿੰਦਰ ਸਿੰਘ ਅੰਮ੍ਰਿਤਸਰ ... ... | ੧੦੧-੦੦ |
| ਸ: ਇੰਦਰ ਮੋਹਨ ਸਿੰਘ, ਦਿਲੀ ੭ | ੮੦੦-੦੦ |
| ਕਾਕਾ ਭਜਨੀਤ ਸਿੰਘ, ਪਾਉਂਟਾ ਸਾਹਿਬ | ੧੦੦-੦੦ |
| ਅਖੰਡ ਕੀਰਤਨੀ ਜਥਾ ਆਦਮਪੁਰ (ਜਲੰਧਰ) | ੩੯੦-੦੦ |
| ਸ: ਬਲਵੰਤ ਸਿੰਘ, ਆਦਮਪੁਰ ,, | ੫੧-੦੦ |
| ਭਾਈ ਹਰਚਰਨ ਸਿੰਘ ਛੇਹਰਟਾ | ੨੫੦-੦੦ |
| ਬੀਬੀ ਕੁਲਦੀਪ ਕੌਰ ਪਟਨਾ ਸਾਹਿਬ ਤੋਂ | ੧੫੦-੦੦ |
| J. W. O ਜੋਗਿੰਦਰ ਸਿੰਘ ਸੰਧੂ, ਪੂਨਾ | ੨੦੦-੦੦ |
| Cpl. Gala S. S. 2 09, Sqdn A F. | ੧੦੦-੦੦ |
| ਸ: ਹਰਭਜਨ ਸਿੰਘ ਜੌਹਲ, ਵਿਲੀਅਮ ਲੇਕ ਕੈਨੇਡਾ | ੫੯੪-੦੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬੇ | ੧੦੦-੦੦ |
| ਸ: ਗੁਰਮੁਖ ਸਿੰਘ ਚਢਾ, ਮਿਰਾਜ਼ | ੫੦੧-੦੦ |
| ਸਾਧਸੰਗਤ ਗੁਰੂਨਾਨਕ ਸਿਖ ਸੁਸ ਇਟੀ ਮਿਰਜ ਸੰਗਲੀ | ੫੦੧-੦੦ |
| ਮਾਤਾ ਰਾਮ ਕੌਰ, ਗੁਰਬਖ਼ਸ਼ ਕਾਲੋਨੀ ਪਟਿਆਲਾ | ੫੦੦-੦੦ |
| ਸ: ਸੁਰਿੰਦਰ ਪਾਲ ਸਿੰਘ ਭਰਤਪੁਰ (ਰਾਜਿਸਥਾਨ) | ੫੦-੦੦ |
| ਕਾਕਾ ਸਿਮਰਮੀਤ ਸਿੰਘ ਤੇ ਕਾਕੀ ਅਮਨਪ੍ਰੀਤ ਕੌਰ ਚੰਡੀਗੜ੍ਹ | ੫੦-੦੦ |
| ਸ: ਸੁਰਿੰਦਰ ਸਿੰਘ, ਖੰਨਾ ... ... | ੨੦੦-੦੦ |
| ਗੁਪਤ ਕਪੂਰਥਲਾ ... ... | ੫੩-੦੦ |
| ਭਾਈ ਬਲਬੀਰ ਸਿੰਘ, ਨੰਗਲ ਟਾਊਨਸ਼ਿਪ | ੨੨੫-੦੦ |
| ਗੁਪਤ ਦਿਲੀ ... ... | ੫੦,੦੦੦-੦੦ |
| ਸ: ਅਮੋਲਕ ਸਿੰਘ ਦਵਿੰਦਰ ਸਿੰਘ | ੬,੦੦੦-੦੦ |
| ਸ: ਕੁਲਵੰਤ ਸਿੰਘ, ਕਿਲ੍ਹਾ ਰਾਇਪੁਰ (ਲੁਧਿਆਣਾ) | ੨੦੦-੦੦ |
| ਸ: ਸਵਰਨ ਸਿੰਘ, ਚੰਦੂ ਮਾਜਰਾ | ੧੨੦-੦੦ |
| ਗੁਪਤ ੪੨੪ R M, Pl. Gref. | ੨੦-੦੦ |
| ਭਾਈ ਗੁਰਨਾਮ ਸਿੰਘ ਰੈਡਿੰਗ (ਯੂ. ਕੇ.) | ੫੦੦-੦੦ |
| ਸ੍ਰੀ ਗੁਰੂ ਸਿੰਘ ਸਭਾ ਸਾਊਥ ਹਾਲ ਯੂ. ਕੇ. ਰੈਣ ਸਬਾਈ ਸਮੇਂ ਸੰਗਤਾਂ ਵਲੋਂ | ੧੦੦੦-੦੦ |
| ਬੀਬੀ ਰਣਜੀਤ ਕੌਰ, ਹਬੀਬਗੰਜ, ਭੂਪਾਲ | ੧੦੦-੦੦ |
| ਸ੍ਰੀ ਭਗਵਾਨ ਦਾਸ, ਨਵੀਂ ਦਿਲੀ | [illegible]੩੧-੦੦ |
| ਅਖੰਡ ਕੀਰਤਨੀ ਜਥਾ ਲਮਿੰਗਟਨ ਯੂ. ਕੇ. | ੨੬੩੫-੦੦ |
| ਦਿਲੀ ਤੋਂ ਦਾਨ ਰਾਹੀਂ ਸ: ਏ. ਐਸ. ਟੱਕਰ | ੧੦੦-੦੦ |
| ਸ: ਅਜਾਇਬ ਸਿੰਘ ਸੰਧੂ ਚੰਡੀਗੜ੍ਹ | ੫੦-੦੦ |
| ਸ: ਕੁਲਵਿੰਦਰ ਸਿੰਘ ਗਿਲ ,, | ੨੫-੦੦ |
| ਮਿਸ ਜਸਵਿੰਦਰ ਕੌਰ ,, | ੨੫-੦੦ |
| ਸ: ਜਸਪਾਲ ਸਿੰਘ ,, | ੨੫-੦੦ |
| ਸ: ਤੇਜਿੰਦਰ ਸਿੰਘ ਸਿਧੂ ,, | ੨੫-੦੦ |
| ਸ: ਏ. ਐਸ. ਟੱਕਰ ,, | ੨੫-੦੦ |
| ਸ: ਗੁਰਕੀਰਤਨ ਸਿੰਘ, 'ਕੀਰਤਨ' ,, | ੨੫-੦੦ |
| ਸ: ਜਗੀਰ ਸਿੰਘ ਕੇਲਪੁਰ (ਲੁਧਿਆਣਾ) | ੧੦੦-੦੦ |
| ਸ: ਇਕਬਾਲ ਸਿੰਘ ,, ,, | ੫੧-੦੦ |
| ਗੁਪਤ ,, ,, | ੨੫-੦੦ |
| ਗੁਪਤ ਦਿਲੀ ਤੋਂ | ੧੦,੦੦੦-੦੦ |
| ਗੁਪਤ ਦਿਲੀ ਤੋਂ | ੧੫,੦੦੦-੦੦ |
| ਗੁਪਤ ਦਿਲੀ ਤੋਂ | ੧੫,੦੦੦-੦੦ |
| ਸ: ਮੇਵਾ ਸਿੰਘ ਲੁਧਿਆਣਾ (ਭਾ: ਪ੍ਰੀਤਮ ਸਿੰਘ ਜੀ ਦੀ ਅੰਤਮ ਅਰਦਾਸ ਸਮੇਂ) | ੧੨੩-੦੦ |
| ਸ: ਗੁਰਬਚਨ ਸਿੰਘ ਫਗਵਾੜਾ | ੧੦੦-੦੦ |
| ਗੁਰਪੁਰਵਾਸੀ ਭਾਈ ਮੇਲਾ ਸਿੰਘ ਦੇ ਪ੍ਰਵਾਰ ਵਲੋਂ | ੩੫੧-੦੦ |
| ਮਿਸਜ਼ ਸੁਰਜੀਤ ਕੌਰ, Leacester. U K. | ੪੨੩੦-੦੦ |
| ਡੀ. ਐਸ. ਸੇਠੀ, ਨਰੈਣ ਵਿਹਾਰ, ਨਵੀਂ-ਦਿਲੀ | ੫੦੦-੦੦ |
| ਗੁਪਤ ਬੀਬੀ ਜੀ ਲੁਧਿਆਣਾ | ੧੧੦੦-੦੦ |
| ਮਿਸਤ੍ਰੀ ਗੋਪਾਲ ਸਿੰਘ ਇੰਦਰਜੀਤ ਸਿੰਘ ਅੰਮ੍ਰਿਤਸਰ ਸਮਾਗਮ ਸਮੇਂ | ੧੦੧-੬੫ |
| ਅਖੰਡ ਕੀਰਤਨੀ ਜਥਾ ਆਗਰਾ | ੧੧੫੧-੦੦ |

## *ਪੀੜਤ ਪਰਵਾਰਾਂ ਨੂੰ ਸਹਾਇਤਾ*

ਦਿਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਤੇ ਭਾਰਤ ਦੇ ਹੋਰ ਵਖ ਵਖ ਸ਼ਹਿਰਾਂ ਵਿਚ ਸਿਖਾਂ ਤੇ ਜੋ ਲਾਲ ਹਨੇਰੀ ਝੁਲੀ, ਉਸ ਵਿਚ ਹੋਏ ਦੁਖੀ ਤੇ ਪੀੜਤ ਪਰਵਾਰਾਂ ਨੂੰ ਸਿਖ ਸੰਗਤਾਂ ਵਲੋਂ ਪੁਜ ਰਹੀ ਮਾਇਆ ਵਿਚੋਂ ਹੇਠ ਲਿਖੇ ਅਨੁਸਾਰ ਸਹਾਇਤਾ ਦਿਤੀ ਗਈ ਹੈ। ਇਸ ਤੋਂ ਪਹਿਲਾਂ ਦਿਤੀ ਜਾ ਚੁਕੀ ਸਹਾਇਤਾ 'ਸੂਰਾ' ਅਪ੍ਰੈਲ ਅੰਕ ਵਿਚ ਛਾਪੀ ਗਈ ਸੀ।

| | |
|---|---|
| ਅਖੰਡ ਕੀਰਤਨੀ ਜਥਾ ਦਿਲੀ ਪੀੜਤ ਪਰਵਾਰਾਂ ਲਈ ਕੈਂਪਸ ਵਿਚ ਪੱਖੇ ਲਵਾਉਣ ਲਈ | ੧੫,੦੦੦-੦੦ |
| ਭਾਈ ਸੰਤਾ ਸਿੰਘ ਜੀ ਪਿੰਡ ਕਰੜੀ (ਪਟਿਆਲਾ) | ੧,੩੦੦-੦੦ |



www.AKJ.Org

| | |
|---|---|
| ਬੀਬੀ ਮਹਿੰਦਰ ਕੌਰ ਸੁਪਤਨੀ ਸ਼ਹੀਦ ਸ: ਹਰਭਜਨ ਸਿੰਘ ਕਾਨਪੁਰ (ਹੁਣ ਗੁਮਟਾਲਾ ਫਿਲੌਰ) | ੧੦,੦੦੦-੦੦ |
| ਬੀਬੀ ਦਰਸ਼ਨ ਕੌਰ ਸੁਪਤਨੀ ਸ਼ਹੀਦ ਭਾ: ਅਵਤਾਰ ਸਿੰਘ, ਪਿੰਡ ਗਿਲ (ਜਲੰਧਰ) | ੧੦,੦੦੦-੦੦ |
| ਬੀਬੀ ਮਨਜੀਤ ਕੌਰ ਸੁਪਤਨੀ ਸ਼ਹੀਦ ਭਾਈ ਤ੍ਰਿਲੋਚਨ ਸਿੰਘ ਕਾਲਾ ਬਾਲਾ (ਗੁਰਦਾਸਪੁਰ) | ੧੦,੦੦੦-੦੦ |
| ਬੀਬੀ ਗੁਰਚਰਨ ਕੌਰ ਸੁਪਤਨੀ ਸ਼ਹੀਦ ਭਾਈ ਹੁਸ਼ਿਆਰ ਸਿੰਘ ਕਾਨਪੁਰ (ਹੁਣ ਪਟਿਆਲਾ) | ੧੦,੦੦੦-੦੦ |
| ਨੈਸ਼ਨਲ ਸਿਖ ਵੇਲਫੇਅਰ ਸੈਂਟਰ c/o ਦਿਲੀ ਅਖੰਡ ਕੀਰਤਨੀ ਜਥਾ (ਵਿਧਵਾਵਾਂ ਲਈ ੧੦ ਨਿਟਿੰਗ ਮਸ਼ੀਨਾਂ) | ੩੫,੦੦੦-੦੦ |
| ਬੀਬੀ ਅਮਰਜੀਤ ਕੌਰ ਸੁਪਤਨੀ ਸ਼ਹੀਦ ਭਾਈ ਸੁਖਦੇਵ ਸਿੰਘ ਜੀ ਤ੍ਰਸਿਕਾ (ਅੰਮ੍ਰਿਤਸਰ) | ੨,੦੦੦-੦੦ |
| ਬੀਬੀ ਸ਼ਰਨਜੀਤ ਕੌਰ ਸੁਪਤਨੀ ਸ਼ਹੀਦ ਭਾਈ ਮੁਸੀਬਤ ਸਿੰਘ ਜੀ ਅੰਮ੍ਰਿਤਸਰ | ੨,੦੦੦-੦੦ |
| ਭਾਈ ਅਜੀਤ ਸਿੰਘ ਸਪੁਤਰ ਭਾਈ ਪੂਰਨ ਸਿੰਘ ਜੀ, ਖਡੂਰ ਸਾਹਿਬ | ੨,੦੦੦-੦੦ |
| ਬੀਬੀ ਮਨਜੀਤ ਕੌਰ ਸੁਪਤਨੀ ਭਾਈ ਬਲਦੇਵ ਸਿੰਘ ਰਤੂਲਪੁਰ | ੫,੦੦੦-੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

# ਪਰਦੇਸੀ ਅਮਾਨਤੀ ਲਾਈਫ਼ ਮੈਂਬਰਾਂ ਦੇ ਬਕਾਏ

ਡਾਕ ਖਰਚ ਦੇ ਵਧੇ ਰੇਟਾਂ ਕਾਰਨ ਪਰਦੇਸੀ ਚੰਦੇ ਵਧ ਜਾਣ ਕਰਕੇ ਲਾਈਫ ਮੈਂਬਰਾਂ ਦੇ ਚੰਦੇ ਵੀ ਉਸੇ ਹਿਸਾਬ ਨਾਲ ਵਧੇ। ਹੇਠ ਲਿਖੇ ਸਜਣ ਆਪਣੇ ਬਕਾਏ ਛੇਤੀ ਭੇਜਣ।

## ਯੂ. ਕੇ. (ਇੰਗਲੈਂਡ) ਅਫਰੀਕਾ 100/-ਰੁਪਏ ਬਕਾਇਆ—

2001 ਸ: ਪ੍ਰਿਥੀਪਾਲ ਸਿੰਘ ਮੈਕਲਸਫੀਲਡ। 2003 ਸੈਕਟਰੀ ਗੁਰੂ ਨਾਨਕ ਕੌਂਸਲ ਆਫ ਜ਼ੈਂਬੀਆ ਲੁਸਾਕਾ। 2005 ਭਾ: ਬਲਵੀਰ ਸਿੰਘ ਡਡਲੀ। 2010 ਗੁਰਦਵਾਰਾ ਪ੍ਰਬੰਧਕ ਕਮੇਟੀ ਲੀਮਿੰਗਟਨ। 2015 ਸ. ਮਲਕੀਅਤ ਸਿੰਘ ਨੌਟਿੰਘਮ। 2022 ਬੀਬੀ ਬਲਬੀਰ ਕੌਰ ਸਫੀਲਡ। 2023 ਭਾ. ਚੈਨ ਸਿੰਘ ਡਰਬੀ। 2025 ਸ. ਹਰਭਜਨ ਸਿੰਘ ਨਕੂਰੂ-ਕੀਨੀਆ। 2050 ਬੀਬੀ ਜੋਗਿੰਦਰ ਕੌਰ ਸਮੈਥਵਿਕ। 2051 ਸ. ਗੁਲਜ਼ਾਰ ਸਿੰਘ ਸੰਧੂ ਕੋਵਿੰਘਮ ਸਵਿੰਡਨ। 2063 ਸ. ਬਲਬੀਰ ਸਿੰਘ ਵਾਲ ਸਾਲ। 2064 ਸ. ਦਿਲਬਾਗ ਸਿੰਘ ਮਾਵੀ ਵਾਲਸਾਲੇ। 2066 ਸ. ਮਦਨ ਸਿੰਘ ਬਿਰਮਿੰਘਮ। 2077 ਸ. ਏ. ਐਸ. ਸੋਹਲ ਗ੍ਰੀਨਫੋਰਡ। 2087 ਸ. ਨਿਰਮਲ ਸਿੰਘ ਗ੍ਰੇਵਜ਼ੈਂਡ ਕੈਂਟ। 2106-ਭਾ: ਜਸਵੰਤ ਸਿੰਘ ਭੱਟੀ ਰੈਡਿੰਗ। 2120 ਮਿਸਜ਼ ਬਲਬੀਰ ਕੌਰ ਅਟਵਾਲ ਡਰਬੀ। 2131-ਮਿ. ਐਚ. ਐਸ. ਗਹੀਰ ਡਡਲੀ। 2133-ਗੁਰੂ ਨਾਨਕ ਸਿੰਘ ਸਭਾ ਡਡਲੀ। 2134-ਸ. ਗਰਜੀਤ ਸਿੰਘ ਡਡਲੀ। 2157-ਸ. ਕਾਬਲ ਸਿੰਘ ਸੋਢੀ ਗ੍ਰੇਵਜ਼ੈਂਡ। 2159 ਸ. ਮਨਜੀਤ ਸਿੰਘ ਸਮੈਥਵਿਕ। 2162 ਸਕੱਤਰ ਦਸਮੇਸ਼ ਰਿਲੀਜਸ ਚੈਰੀਟੇਬਲ ਟਰੱਸਟ ਸਾਊਥਹਾਲ। 2172-ਭਾ. ਜਗਤਾਰ ਸਿੰਘ ਮੁੰਡਗ ਡਰਬੀ। 2176-ਭਾ. ਅਵਤਾਰ ਸਿੰਘ ਵਾਰਵਿਕ। 2194 ਸ. ਕਰਤਾਰ ਸੁਰਿੰਦਰ ਸਿੰਘ ਕਿਨਵਰ।

## ਅਮਰੀਕਾ-ਕੇਨੇਡਾ 150/ਰੁਪਏ ਬਕਾਇਆ—

2201 ਸ. ਸੰਤਾ ਸਿੰਘ ਤਾਤਲੇ ਮਿਸ਼ਨ। 2202-ਐਚ. ਐਸ. ਬੈਂਸ ਯੂਬਾ ਸਿਟੀ। 2203-ਸ. ਅਵਤਾਰ ਸਿੰਘ ਫਰੈਂਕੇਲਿਨ ਲੇਕ। 2204-ਸ. ਦਰਸ਼ਨ ਸਿੰਘ ਥਿੰਦ ਵਿੰਡਸਰ। 2206-ਸ. ਅਵਤਾਰ ਸਿੰਘ ਸਚਦੇਵਾ ਮਨਹਤਨ। 2212-ਭਾ. ਜੋਗਾ ਸਿੰਘ ਐਡਮੰਟਨ। 2216 ਸ. ਸੰਤੋਖ ਸਿੰਘ ਮੌਨਟਰੀਆਲ। 2218 ਆਰ. ਐਸ. ਮਲਕ ਵੈਨਕੋਵਰ। 2230 ਗੁਰੂ ਨਾਨਕ ਸਿਖ ਟੈਂਪਲ ਸੋਸਾਇਟੀ ਵਿਲੀਅਜ਼ ਲੇਕ। 2232 ਸ. ਹਰਦੇਵ ਸਿੰਘ ਸੰਧੂ ਫੋਰਟ ਸੇਂਟ ਜੇਮਜ਼। 2233 ਸਿਖ ਟੈਂਪਲ ਲਾਚੀਨ। 2245 ਭਾ. ਮੋਹਨ ਸਿੰਘ ਕੈਂਬਰਿਜ। 2251 ਸ. ਕੇਵਲ ਸਿੰਘ ਖਾਲਸਾ ਪੈਨੋਲ।

## ਅਰਬ ਮਲਾਇਆ ਆਦਿ 50/-ਰੁਪਏ ਬਕਾਇਆ—

3202 ਏ. ਐਸ. ਨਾਰੰਗ ਬੰਕਾਕ (ਥਾਈਲੈਂਡ)। 2304-ਸ. ਚਤਰ ਸਿੰਘ ਸੇਲੰਗੋਰ (ਮਲੇਸ਼ੀਆ)। 2312 ਸ. ਸੁਰਜੀਤ ਸਿੰਘ ਖਾਲਸਾ ਕੁਆਲਾ ਲੰਪਰ (ਮਲੇਸ਼ੀਆ)। 2316-ਸ. ਮਹਿੰਦਰ ਸਿੰਘ ਠਕਰਾਲ ਪਲਾਜ਼ਾ (ਸਿੰਗਾਪੁਰ)। 2329 ਸ. ਗਜਿੰਦਰ ਸਿੰਘ ਵਿਦਿਆਰਥੀ ਸਿੰਗਾਪੁਰ। ਸ. ਬਲਵੰਤ ਸਿੰਘ ਸੱਗੂ ਗਲਾਸਗੋ। ਸ. ਇਕਬਾਲ ਸਿੰਘ ਸਾਰਾ ਵੈਨ ਕੋਵਰ।

## ਸਮੁੰਦਰੀ ਡਾਕ ਵਾਲੇ ਪਾਠਕ 100/-ਬਕਾਇਆ—

2325 ਸ: ਚਰਨ ਸਿੰਘ ਐਲਮਵੁਡ ਪਾਰਕ। 2333 ਸ. ਗਜਨ ਸਿੰਘ ਕਵੈਂਟਰੀ। 2334 ਗੁਰਦਵਾਰਾ ਕਟੌਂਗ ਸਿੰਗਾਪੁਰ।



www.AKJ.Org

## ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਤੇ ਧਾਰਮਿਕ ਇਨਾਮ

ਪਿਛਲੇ ਸਾਲਾਂ ਵਾਂਗ ੭ ਤੋਂ ੧੪ ਜੁਲਾਈ ੧੯੮੫ ਐਤਵਾਰ ਤਕ ਪ੍ਰੋਗਰਾਮ ਹੋ ਰਹੇ ਹਨ। ਸਵੇਰੇ ੨ ਵਜੇ ਇਸ਼ਨਾਨ ਤੇ ਨਿਤਨੇਮ, ਉਪਰੰਤ ਗੁਰੂ ਮਹਾਰਾਜ ਦਾ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਹੁਕਮਨਾਮੇ ਦੀ ਵੀਚਾਰ, ਸੁਖਮਨੀ ਸੰਗਤੀ ਪਾਠ, ਅਲਪ ਅਹਾਰ ਤੇ ਅਲਪ ਅਰਾਮ ਕਰ ਕੇ ਸੋਦਰ ਆਰਤੀ ਰਾਤ ੮ ਵਜੇ ਤਕ ਪ੍ਰੋਗਰਾਮ। ਸ਼ਨੀਵਾਰ ੧੩ ਜੁਲਾਈ ਨੂੰ ਬੱਚਿਆਂ ਨੂੰ "ਗੁਰਬਾਣੀ ਕੰਠ" ਮੁਕਾਬਲਿਆਂ ਵਿਚ ਤਿੰਨ ਵਖ ਵਖ ਦਰਜਿਆਂ ਦੇ ਇਨਾਮ ਵੰਡੇ ਜਾਣਗੇ।

ਨੋਟ—(੧) ਲੋੜ ਅਨੁਸਾਰ ਬਿਸਤਰੇ ਲਿਆਓ ਜੀ। (੨) ਅੰਮ੍ਰਿਤ-ਸਿੰਚਾਰ ੧੩ ਜੁਲਾਈ ਨੂੰ ਹੋਵੇਗਾ।
(੩) ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ। (੪) ਇਹ ਅਸਥਾਨ ਹੁਸ਼ਿਆਰਪੁਰ-ਦਸੂਹਾ ਰੋਡ ਤੇ ਹੈ।

ਦਾਸਨ ਦਾਸ—ਸੇਵਾ ਸਿੰਘ (ਮੁਖੀ) ਗੁਰਦਵਾਰਾ ਰਾਮਪੁਰ ਖੇੜਾ, ਨੇੜੇ ਗੜ੍ਹਦੀਵਾਲਾ (ਹੁਸ਼ਿਆਰਪੁਰ)

## ਪਿੰਡ ਲਾਲਾ ਨੰਗਲ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹਿ ਵਿਖੇ ੮ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਫ਼ਤਹਗੜ੍ਹ ਚੂੜੀਆਂ ਤੋਂ (ਡੇਰਾ ਬਾਬਾ ਨਾਨਕ ਰੋਡ ਤੇ) ਤਿੰਨ ਕਿਲੋ ਮੀਟਰ ਦੀ ਦੂਰੀ ਤੇ ਪਿੰਡ ਲਾਲਾ ਨੰਗਲ ਹੈ। ਆਇ ਦੀਦਾਰ ਬਖਸ਼ੋ ਜੀ।

ਸੰਗਤਾਂ ਦੇ ਦਾਸਰੇ—ਜਸਵੰਤ ਸਿੰਘ ਮਸਤਾਨਾ ਬਲਦੇਵ ਸਿੰਘ, ਪਿੰਡ ਲਾਲਾ ਨੰਗਲ

## ਪਿੰਡ ਕੁੰਢਾਲੀਆਂ ਨੇੜੇ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਸਤਵਿੰਦਰ ਸਿੰਘ ਪਿੰਡ ਕੁੰਢਾਲੀਆਂ (ਬਾਰਾਂਵਾਲੇ) ਬਾਰ ਬਾਰ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਵਿਖੇ ੮ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਆਇ ਦੀਦਾਰ ਬਖਸ਼ੋ ਜੀ। ਗੜ੍ਹਦੀਵਾਲਾ ਤੋਂ (ਭਾਣੋਵਾਲ ਸੜਕ ਤੇ) ਅੱਧੇ ਕਿਲੋਮੀਟਰ ਦੀ ਦੂਰੀ ਤੇ ਪਿੰਡ ਕੁੰਢਾਲੀਆਂ ਹੈ।

---

## ਭਾਈ ਹਰਬੰਸ ਸਿੰਘ ਜੀ ਲਾਇਲਪੁਰੀ ਅਕਾਲ ਚਲਾਣਾ ਕਰ ਗਏ

ਗੁਰਮਤਿ ਪਰਚਾਰ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਪੁਰਾਣੇ ਪੰਥ ਸੇਵਕ ਭਾਈ ਹਰਬੰਸ ਸਿੰਘ ਜੀ ਲਾਇਲਪੁਰੀ ਜਲੰਧਰ ਵਿਖੇ ੨ ਮਈ ੧੯੮੫ ਨੂੰ ਅਕਾਲ ਚਲਾਣਾ ਕਰ ਗਏ। ਆਪ ਜੀ ਕਾਫ਼ੀ ਸਮਾਂ ਹਫਤਾਵਾਰੀ 'ਗੁਰਮਤਿ ਪ੍ਰਚਾਰ ਪਤ੍ਰਕਾ' ਤਨ ਮਨ ਧਨ ਖਰਚ ਕਰਕੇ ਕਢਦੇ ਰਹੇ, ਜਿਸ ਦਾ ਮੁਖ ਨਿਸ਼ਾਨਾ ਪੰਥ ਨੂੰ ਗੁਰਮਤਿ ਦੀ ਸੋਧ ਦੇਣਾ ਸੀ ਅਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ, ਫ਼ਿਲਮਾਂ, ਦਿਖਾਵੇ ਅਤੇ ਪਾਖੰਡ-ਕਰਮਾਂ ਦੀ ਕਲੀ ਉਘੇੜਨਾ ਸੀ। ਪਿਛੋਂ ਜਾ ਕੇ ਮਾਇਕ ਸਮਰੱਥਾ ਘਟਣਾ ਅਤੇ ਸਿਹਤ ਦਾ ਸਾਥ ਨਾ ਦੇਣ ਕਰਕੇ ਇਸ ਨੂੰ ਬੰਦ ਕਰਨਾ ਪਿਆ।

ਅਰਦਾਸ ਹੈ ਕਿ ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

# ਯੂ. ਕੇ. ਦੇ ਖ਼ਤਮ ਚੰਦੇ ਯੂ. ਕੇ. ਵਿਚ ਜਮ੍ਹਾ ਕਰਾਓ

ਯੂ. ਕੇ. ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਚੁਕੀ ਹੈ, ਉਹ ਸਜਣ ਸ: ਗੁਰਨਾਮ ਸਿੰਘ ਜੀ 10–Lambourne Grnds, Early, Readiny-Berks ਪਾਸ ਆਪਣੇ ਚੰਦੇ ਜਮ੍ਹਾ ਕਰਾ ਦੇਣ ਜੀ।

---

**ਸ: ਦੀਦਾਰ ਸਿੰਘ ਜੀ ਬੰਬਈ ਤੋਂ ਸੂਚਨਾ ਦੇਂਦੇ ਹਨ ਕਿ ਉਨ੍ਹਾਂ ਦੇ ਲੜਕੇ ਸ: ਤ੍ਰਿਲੋਕ ਸਿੰਘ ਦੀ ਸ਼ਾਦੀ ਨੀਯਤ ਹੋ ਗਈ ਹੈ। ਸ: ਜੋਰਾਵਰ ਸਿੰਘ ਜੀ ਜਿਥੇ ਵੀ ਹੋਣ, ਪੁਜਣ ਦੀ ਖੇਚਲ ਕਰਨ।**

---

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੬.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094

www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਜੀ ਨਮਿਤ ਸਾਲਾਨਾ ਸਮਾਗਮ

ਉਨ੍ਹਾਂ ਦੇ ਅਸਥਾਨ ਨਾਰੰਗਵਾਲ ਵਿਖੇ ੧੧ ਤੋਂ ੧੪ ਜੁਲਾਈ ੧੯੮੫–ਵੇਰਵਾ ਆਉਂਦੇ 'ਸੂਰਾ' ਵਿਚ

## ਦੁਡੀਆਂ ਵਾਲਾ (ਕਪੂਰਥਲਾ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਹਰਬੰਸ ਸਿੰਘ ਜੀ ਗ੍ਰੰਥੀ ਸੂਚਤ ਕਰਦੇ ਹਨ ਕਿ ਪਿੰਡ ਦੁਡੀਆਂ ਵਾਲਾ (ਕਪੂਰਥਲਾ ਤੋਂ ੪ ਕਿਲੋਮੀਟਰ) ਗੁਰਦਵਾਰਾ ਸਾਹਿਬ ਵਿਖੇ ੨੧ ਜੂਨ ਸਵੇਰ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਰਖੇ ਜਾਣਗੇ, ੨੨ ਜੂਨ ਨੂੰ ਸਵੇਰ ੭ ਤੋਂ ੧੦ ਭਾਈ ਮੰਗਲ ਸਿੰਘ ਦੇ ਗ੍ਰਿਹ ਵਿਖੇ ਕੀਰਤਨ ਹੋਣਗੇ ਅਤੇ ੨੩ ਜੂਨ ਸਵੇਰੇ ਅਖੰਡਪਾਠ ਦੇ ਭੋਗ ਪੈ ਕੇ ੫ ਵਜੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਆਇ ਜੁੜੋ ਜੀ।

## ਗੁਰਦਵਾਰਾ ਸੈਕਟਰ ੨੯-ਬੀ ਚੰਡੀਗੜ੍ਹ ਵਿਖੇ ਰੈਣ ਸਬਾਈ ਕੀਰਤਨ

ਗਿ: ਜਸਬੀਰ ਸਿੰਘ ਹਜ਼ੂਰੀ ਰਾਗੀ ਵਲੋਂ ਬੇਨਤੀ ਹੈ ਕਿ ਗੁਰਦਵਾਰਾ ਸਾਹਿਬ (ਸ਼ਾਹਪੁਰ) ਸੈਕਟਰ ੨੯-ਬੀ ਚੰਡੀਗੜ੍ਹ ਵਿਖੇ ੮ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ ਤੇ ਲਾਹੇ ਪ੍ਰਾਪਤ ਕਰੋ ਜੀ। ਬਸ ਅਡੇ ਤੋਂ ੨੯, ੨੯ ਏ, ੧੭, ੧੮, ੪੧ ਅਤੇ ੭੨ ਨੰਬਰ ਬਸਾਂ ਰਾਹੀਂ ਸੈਕਟਰ ੩੭-੩੮ ਦੇ ਪਹਿਲੇ ਮੋੜ ਤੇ ਉਤਰੋ, ਉਥੋਂ ਗੁਰਦਵਾਰਾ ਸਾਹਿਬ ਕੁਝ ਗਜ਼ਾਂ ਦੀ ਵਿਥ ਤੇ ਹੈ।

## ਮੰਡੀ ਗੋਬਿੰਦਗੜ੍ਹ ਸ੍ਰੀ ਗੁਰੂ ਸਿੰਘ ਸਭਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਤ ਕਰਦੇ ਹਨ ਕਿ ੧੫ ਜੂਨ ਸ਼ਨੀਵਾਰ ਦੀ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮੰਡੀ ਗੋਬਿੰਦਗੜ੍ਹ ਵਿਖੇ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

## ਗੁਰਦਵਾਰਾ ਨਾਨੋਵਾਲ ਖ਼ੁਰਦ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਪਿੰਡ ਨਾਨੋਵਾਲ ਖ਼ੁਰਦ ਦੇ ਗੁਰਦਵਾਰਾ ਸਾਹਿਬ ਵਿਖੇ ੨੨ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਤੁਗਲਵਾਲ-ਗੁਰਦਾਸਪੁਰ ਸੜਕ ਉਪਰ ਚਕ ਸ਼ਰੀਫ਼ ਤੋਂ ੪-੫ ਮੀਲ ਉਪਰ ਪਿੰਡ ਨਾਨੋਵਾਲ ਖ਼ੁਰਦ ਹੈ।

ਦਾਸਰੇ ਕਰਤਾਰ ਸਿੰਘ, ਨਿਰੰਜਨ ਸਿੰਘ ਮਾਸਟਰ

## ਸੈਕਟਰ ੪੩-ਬੀ ਚੰਡੀਗੜ੍ਹ ਵਿਖੇ ਹਰ ਸ਼ਨੀਵਾਰ ਸ਼ਾਮ ਨੂੰ ਗੁਰਬਾਣੀ ਕੀਰਤਨ

ਸ: ਉਜਲ ਸਿੰਘ ਮਦਾਨ ਡਿਪਟੀ ਸੈਕਟਰੀ ਪੰਜਾਬ ਸੂਚਨਾ ਦੇਂਦੇ ਹਨ ਕਿ ਉਨ੍ਹਾਂ ਦੇ ਨਿਵਾਸ ੧੪੭੦, ਸੈਕਟਰ ੪੩-ਬੀ ਚੰਡੀਗੜ੍ਹ ਵਿਖੇ ਹਰ ਸ਼ਨੀਵਾਰ ਸ਼ਾਮ ਨੂੰ ੭ ਤੋਂ ੮ ਤਕ ਗੁਰਬਾਣੀ ਕੀਰਤਨ ਹੁੰਦਾ ਹੈ। ਲਾਹੇ ਪ੍ਰਾਪਤ ਕਰੋ ਜੀ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਮਾਨਚੈਸਟਰ ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ ੬ ਜੁਲਾਈ ਸ਼ਨੀਵਾਰ ਦੀ ਸ਼ਾਮ ਨੂੰ ਰੈਣ ਸਬਾਈ ਕੀਰਤਨ ਅਰੰਭ ਹੋ ਕੇ ੭ ਜੁਲਾਈ ਸਵੇਰੇ ੬ ਵਜੇ ਭੋਗ ਪੈਣਗੇ। ਗੁਰਦਵਾਰਾ ਸਿੱਖ ਐਸੋਸੀਏਸ਼ਨ, 12-Sherborne St., off Bury New Rd. MANCHESTER-8 ਪੁਛ ਗਿਛ ਗੁਰਦਵਾਰਾ ਫ਼ੋਨ 061-832-2241, ਭਾਈ ਪ੍ਰਿਥੀਪਾਲ ਸਿੰਘ ਫ਼ੋਨ 0625-32407 ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਬਖਸ਼ਣ।

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

www.AKJ.Org